11-MAY-PAGE-1.qxd 5/10/2024 9:34 PM Page 1


ਸ਼ਨੀਵਾਰ, 11 ਮਈ, 2024
29 ਵਿਸਾਖ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 72
ਅੰਕ/NO. : 341

# ਨਵਾਂ ਜ਼ਮਾਨਾ

DAILY NAWAN ZAMANA • SATURDAY, 11 MAY, 2024 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


## ਮਾਸਟਰ ਗੁਰਚਰਨ ਸਿੰਘ ਮਾਨ ਵੱਲੋਂ ਸੈਂਕੜੇ ਹਮਾਇਤੀਆਂ ਨਾਲ ਪਹੁੰਚ ਕੇ ਨਾਮਜ਼ਦਗੀ ਕਾਗਜ਼ ਦਾਖ਼ਲ

### ਮੋਦੀ ਦੇ ਬਿਆਨ ਉਸ ਦੀ ਹਾਰ ਦਾ ਸਬੂਤ : ਕਾਮਰੇਡ ਬੰਤ ਬਰਾੜ

**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**
ਭਾਰਤੀ ਕਮਿਊਨਿਸਟ ਪਾਰਟੀ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਸਾਂਝੇ ਉਮੀਦਵਾਰ ਮਾਸਟਰ ਗੁਰਚਰਨ ਸਿੰਘ ਮਾਨ ਨੇ ਲੋਕ ਸਭਾ ਹਲਕਾ ਫਰੀਦਕੋਟ ਤੋਂ ਸੈਂਕੜੇ ਸਾਥੀਆਂ ਦੇ ਕਾਫਲੇ ਨਾਲ ਸਥਾਨਕ ਮਿੰਨੀ ਸਕੱਤਰੇਤ ਪਹੁੰਚ ਕੇ ਕਾਗਜ਼ ਦਾਖ਼ਲ ਕੀਤੇ। ਕਾਗਜ਼ ਭਰਨ ਸਮੇਂ ਉਨ੍ਹਾਂ ਨਾਲ ਸੀ ਪੀ ਆਈ ਦੇ ਸੂਬਾਈ ਸਕੱਤਰ ਕਾਮਰੇਡ ਬੰਤ ਬਰਾੜ, ਸਾਬਕਾ ਵਿਧਾਇਕ ਕਾਮਰੇਡ ਹਰਦੇਵ ਅਰਸ਼ੀ, ਕੌਮੀ ਕੌਂਸਲ ਮੈਂਬਰ ਕਾਮਰੇਡ ਜਗਰੂਪ, ਸੀ ਪੀ ਐੱਮ ਦੇ ਸੂਬਾ ਸਕੱਤਰੇਤ ਮੈਂਬਰ ਐਡਵੋਕੇਟ ਸਵਰਨਜੀਤ ਸਿੰਘ ਅਤੇ ਜ਼ਿਲ੍ਹਾ ਸਕੱਤਰ ਅਪਾਰ ਸਿੰਘ ਸੰਧੂ ਤੋਂ ਇਲਾਵਾ ਸੀ ਪੀ ਆਈ ਜ਼ਿਲ੍ਹਾ ਫਰੀਦਕੋਟ ਦੇ ਸਕੱਤਰ ਅਸ਼ੋਕ ਕੌਸ਼ਲ ਵੀ ਹਾਜ਼ਰ ਸਨ।




ਕਾਗਜ਼ ਭਰਨ ਲਈ ਰਵਾਨਾ ਹੋਣ ਤੋਂ ਪਹਿਲਾਂ ਸ਼ਹੀਦ ਕਾਮਰੇਡ ਅਮੋਲਕ ਭਵਨ ਫਰੀਦਕੋਟ ਵਿੱਚ ਪੂਰੇ ਪਾਰਲੀਮਾਨੀ ਹਲਕੇ ਤੋਂ ਪਹੁੰਚੇ। ਦੋਹਾਂ ਪਾਰਟੀਆਂ ਦੇ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਕਾਮਰੇਡ ਬੰਤ ਸਿੰਘ ਬਰਾੜ ਨੇ ਕਿਹਾ ਕਿ ਮੋਦੀ ਦੇ ਤਾਜ਼ਾ ਬਿਆਨ ਇਸ ਗੱਲ ਦਾ ਸਬੂਤ ਹੈ ਕਿ ਉਨ੍ਹਾਂ ਨੂੰ ਆਪਣੀ ਹਾਰ ਦਿਖਾਈ ਦੇਣ ਲੱਗੀ ਹੈ ਅਤੇ ਦੇਸ਼ ਦੀ ਸਿਆਸੀ ਫਿਜ਼ਾ ਵਿੱਚ ਤਬਦੀਲੀ ਸਾਫ ਨਜ਼ਰ ਆ ਰਹੀ ਹੈ। ਕਾਮਰੇਡ ਹਰਦੇਵ ਅਰਸ਼ੀ ਅਤੇ ਕਾਮਰੇਡ ਜਗਰੂਪ ਨੇ ਕਿਹਾ ਕਿ ਕਮਿਊਨਿਸਟ ਪਾਰਟੀਆਂ ਲੋਕਾਂ ਦੇ ਅਸਲ ਮੁੱਦਿਆਂ ਬੇਰੁਜ਼ਗਾਰੀ, ਮਹਿੰਗਾਈ ਵਿਰੁੱਧ ਅਤੇ ਮਿਹਨਤਕਸ਼ ਅਵਾਮ ਦੀਆਂ ਅਸਲ ਮੰਗਾਂ ਲਈ ਲੜਾਈ ਲੜਦੀਆਂ ਹਨ। ਸਾਡਾ ਉਮੀਦਵਾਰ ਮਾਸਟਰ ਗੁਰਚਰਨ ਸਿੰਘ ਮਾਨ ਸਾਰੀ ਜ਼ਿੰਦਗੀ ਮੁਲਾਜ਼ਮ ਅਤੇ ਪੈਨਸ਼ਨਰ ਜੱਥੇਬੰਦੀਆਂ ਵਿੱਚ ਸੇਵਾ ਕਰਨ ● ਬਾਕੀ ਸਫ਼ਾ 2 'ਤੇ

## ਬ੍ਰਿਜ ਭੂਸ਼ਣ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼ ਤਹਿਤ ਕੇਸ ਚੱਲੇਗਾ



**ਨਵੀਂ ਦਿੱਲੀ** : ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ ਖਿਲਾਫ ਜਿਨਸੀ ਸ਼ੋਸ਼ਣ ਦਾ ਮੁਕੱਦਮਾ ਚੱਲੇਗਾ। ਦਿੱਲੀ ਦੀ ਕੋਰਟ ਨੇ ਸ਼ੁੱਕਰਵਾਰ ਮਹਿਲਾ ਭਲਵਾਨਾਂ ਦੀ ਸ਼ਿਕਾਇਤ 'ਤੇ ਉਸ ਖਿਲਾਫ ਜਿਨਸੀ ਸ਼ੋਸ਼ਣ ਦੀਆਂ ਧਾਰਾਵਾਂ ਤਹਿਤ ਦੋਸ਼ ਆਇਦ ਕਰਨ ਦੇ ਹੁਕਮ ਦਿੱਤੇ। ਮਹਿਲਾ ਭਲਵਾਨਾਂ ਦੇ ਨਾਲ-ਨਾਲ ਹੋਰਨਾਂ ਭਲਵਾਨਾਂ ਨੇ ਬ੍ਰਿਜ ਭੂਸ਼ਣ ਖਿਲਾਫ ਸੜਕਾਂ 'ਤੇ ਅੰਦੋਲਨ ਕੀਤਾ ਸੀ। ਕਾਫੀ ਚਿਰ ਬਾਅਦ ਪੁਲਸ ਨੇ ਤਾਜ਼ੀਰਾਤੇ ਹਿੰਦ ਦੀ ਦਫਾ 354, 354 ਏ, 354 ਡੀ ਤਹਿਤ ਚਾਰਜਸ਼ੀਟ ਦਾਖਲ ਕੀਤੀ ਸੀ। ਇਸ ਕੇਸ ਕਰਕੇ ਹੀ ਬ੍ਰਿਜ ਭੂਸ਼ਣ ਨੂੰ ਭਾਜਪਾ ਨੇ ਯੂ ਪੀ ਦੇ ਕੈਸਰਗੰਜ ਹਲਕੇ ਤੋਂ ਲੋਕ ਸਭਾ ਦੀ ਮੁੜ ਟਿਕਟ ਨਹੀਂ ਦਿੱਤੀ ਤੇ ਬੇਟੇ ਕਰਨ ਭੂਸ਼ਣ ਸਿੰਘ ਨੂੰ ਉਮੀਦਵਾਰ ਬਣਾਇਆ।

## ਤਿੰਨ ਹਫਤਿਆਂ ਦੀ ਬੰਦਖਲਾਸੀ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਦਿੱਲੀ ਸ਼ਰਾਬ ਨੀਤੀ ਮਾਮਲੇ ਨਾਲ ਸੰਬੰਧਤ ਮਨੀ ਲਾਂਡਰਿੰਗ ਕੇਸ 'ਚ ਈ ਡੀ ਦੀ ਜ਼ੋਰਦਾਰ ਵਿਰੋਧਤਾ ਨੂੰ ਰੱਦ ਕਰਦਿਆਂ ਸ਼ੁੱਕਰਵਾਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ 1 ਜੂਨ ਤੱਕ ਅੰਤਰਮ ਜ਼ਮਾਨਤ ਦੇ ਦਿੱਤੀ। ਕੇਜਰੀਵਾਲ ਦੇ ਵਕੀਲ ਨੇ 5 ਜੂਨ ਤੱਕ ਅੰਤਰਮ ਜ਼ਮਾਨਤ ਮੰਗੀ ਪਰ ਅਦਾਲਤ ਨੇ ਇਸ ਨੂੰ ਰੱਦ ਕਰ ਦਿੱਤਾ। ਜਸਟਿਸ ਸੰਜੀਵ ਖੰਨਾ ਤੇ ਜਸਟਿਸ ਦੀਪਾਂਕਰ ਦੱਤਾ ਦੀ ਬੈਂਚ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ 2 ਜੂਨ ਨੂੰ ਜੇਲ੍ਹ ਅਧਿਕਾਰੀਆਂ ਕੋਲ ਆਤਮ-ਸਮਰਪਣ ਕਰ ਦੇਣ। ਈ ਡੀ ਕੇਜਰੀਵਾਲ ਨੂੰ ਸ਼ਰਾਬ ਘਪਲੇ ਦਾ ਮੁੱਖ ਸਰਗਨਾ ਦੱਸ ਰਹੀ ਹੈ। ਉਸ ਨੇ ਸੁਪਰੀਮ ਕੋਰਟ ਨੂੰ ਕਿਹਾ ਸੀ ਕਿ ਚੋਣ ਪ੍ਰਚਾਰ ਕਰਨ ਲਈ ਜ਼ਮਾਨਤ ਨਾ ਮੌਲਿਕ ਤੇ ਨਾ ਹੀ ਸੰਵਿਧਾਨਕ ਅਧਿਕਾਰ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਗੰਭੀਰ ਦੋਸ਼ਾਂ ਦੇ ਬਾਵਜੂਦ ਕੇਜਰੀਵਾਲ ਨੂੰ ਅਜੇ ਦੋਸ਼ੀ ਨਹੀਂ ਠਹਿਰਾਇਆ ਗਿਆ। 21 ਦਿਨ ਦੀ ਅੰਤਰਮ ਜ਼ਮਾਨਤ ਨਾਲ ਫਰਕ ਨਹੀਂ ਪੈਣ ਵਾਲਾ। ਕੇਜਰੀਵਾਲ ਸਮਾਜ ਲਈ ਖਤਰਾ ਨਹੀਂ। ਸੁਪਰੀਮ ਕੋਰਟ ਨੇ ਕੇਜਰੀਵਾਲ ਦੇ ਚੋਣ ਪ੍ਰਚਾਰ ਕਰਨ 'ਤੇ ਰੋਕ ਨਹੀਂ ਲਾਈ ਹੈ ਪਰ ਕੁਝ ਸ਼ਰਤਾਂ ਲਾਈਆਂ ਹਨ। ਮੁੱਖ ਮੰਤਰੀ ਨੂੰ 50,000 ਰੁਪਏ ਦਾ ਜ਼ਮਾਨਤੀ ਬਾਂਡ ਭਰਨਾ ਪਵੇਗਾ। ਉਹ ਮੁੱਖ ਮੰਤਰੀ ਦਫਤਰ ਅਤੇ ਦਿੱਲੀ ਸਕੱਤਰੇਤ ਵਿਖੇ ਨਹੀਂ ਜਾ ਸਕਣਗੇ ਅਤੇ ਨਾ ਹੀ ਕਿਸੇ ਗਵਾਹ ਨਾਲ ਕੋਈ ਸੰਪਰਕ ਕਰਨਗੇ। ਇਸ ਦੇ ਨਾਲ ਹੀ ਉਹ ਉਪ ਰਾਜਪਾਲ ਦੀ ਆਗਿਆ ਤੋਂ ਬਿਨਾਂ ਕਿਸੇ ਵੀ ਸਰਕਾਰੀ ਫਾਈਲ 'ਤੇ ਦਸਤਖਤ ਨਹੀਂ ਕਰਨਗੇ। ਉਹ ਇਸ ਕੇਸ 'ਚ ਆਪਣੀ ਭੂਮਿਕਾ ਬਾਰੇ ਕੋਈ ਬਿਆਨ ਨਹੀਂ ਦੇਣਗੇ। 50,000 ਰੁਪਏ ਦੇ ਜ਼ਮਾਨਤੀ ਬਾਂਡ ਭਰਵਾਉਣ ਤੋਂ ਬਾਅਦ ਜੇਲ੍ਹ ਪ੍ਰਸ਼ਾਸਨ ਵੱਲੋਂ ਕੇਜਰੀਵਾਲ ਨੂੰ ਰਿਹਾਅ ਕਰ ਦਿੱਤਾ ਗਿਆ।



## ਗੇਜਾ ਰਾਮ ਵਾਲਮੀਕੀ ਫਤਹਿਗੜ੍ਹ ਸਾਹਿਬ ਤੋਂ ਭਾਜਪਾ ਉਮੀਦਵਾਰ



**ਚੰਡੀਗੜ੍ਹ** : ਭਾਜਪਾ ਨੇ ਲੋਕ ਸਭਾ ਚੋਣਾਂ ਲਈ ਫਤਹਿਗੜ੍ਹ ਸਾਹਿਬ ਹਲਕੇ ਤੋਂ ਗੇਜਾ ਰਾਮ ਵਾਲਮੀਕੀ ਨੂੰ ਆਪਣਾ ਉਮੀਦਵਾਰ ਐਲਾਨਿਆ ਹੈ। ਇਸ ਤਰ੍ਹਾਂ ਭਾਜਪਾ ਨੇ ਪੰਜਾਬ ਤੋਂ ਸਾਰੇ 13 ਉਮੀਦਵਾਰ ਐਲਾਨ ਦਿੱਤੇ ਹਨ।

## ਬਸਪਾ ਨੇ ਹੁਸ਼ਿਆਰਪੁਰ ਤੋਂ ਐਡਵੋਕੇਟ ਰਣਜੀਤ ਕੁਮਾਰ ਨੂੰ ਉਤਾਰਿਆ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**
ਬਸਪਾ ਨੇ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਐਡਵੋਕੇਟ ਰਣਜੀਤ ਕੁਮਾਰ ਨੂੰ ਉਮੀਦਵਾਰ ਐਲਾਨਿਆ ਹੈ। ਉਹ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਦੇ ਦੂਸਰੀ ਵਾਰ ਚੁਣੇ ਗਏ ਮੌਜੂਦਾ ਪ੍ਰਧਾਨ ਹਨ।

## ਲਿਖ ਕੇ ਲੈ ਲਓ, ਮੋਦੀ ਜੀ ਹੁਣ ਨਹੀਂ ਆਉਂਦੇ : ਰਾਹੁਲ

**ਲਖਨਊ** : ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਸ਼ੁੱਕਰਵਾਰ ਕਨੌਜ 'ਚ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਦੇ ਹੱਕ 'ਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ (ਇੰਡੀਆ) ਦਾ ਉੱਤਰ ਪ੍ਰਦੇਸ਼ 'ਚ ਤੂਫਾਨ ਆ ਰਿਹਾ ਹੈ, ਸੂਬੇ 'ਚ ਭਾਜਪਾ ਨੂੰ ਆਪਣੀ ਸਭ ਤੋਂ ਵੱਡੀ ਹਾਰ ਦਾ ਸਾਹਮਣਾ ਕਰਨਾ ਪਏਗਾ। ਇਹ ਲਿਖ ਕੇ ਲੈ ਲਓ, ਨਰਿੰਦਰ ਮੋਦੀ ਮੁੜ ਪ੍ਰਧਾਨ ਮੰਤਰੀ ਨਹੀਂ ਬਣਨਗੇ।

ਰਾਹੁਲ ਤੋਂ ਇਲਾਵਾ ਰੈਲੀ ਨੂੰ ਅਖਿਲੇਸ਼ ਤੇ ਆਮ ਆਦਮੀ ਪਾਰਟੀ ਦੇ ਸੰਜੇ ਸਿੰਘ ਨੇ ਸੰਬੋਧਨ ਕੀਤਾ। ਯੂ ਪੀ ਵਿਚ ਕਾਂਗਰਸ 80 ਵਿੱਚੋਂ 17 ਸੀਟਾਂ ਲੜ ਰਹੀ ਹੈ। ਪਿਛਲੀ ਵਾਰ ਭਾਜਪਾ ਨੇ 62 ਤੇ ਉਸਦੇ ਇਤਿਹਾਦੀ ਅਪਨਾ ਦਲ (ਐੱਸ) ਨੇ ਦੋ ਸੀਟਾਂ ਜਿੱਤੀਆਂ ਸਨ। ਰਾਹੁਲ ਨੇ ਕਿਹਾ ਕਿ ਇੰਡੀਆ ਗੱਠਜੋੜ ਨੇ ਪਿਛਲੇ ਸਾਲਾਂ ਵਿਚ ਲੋੜੀਂਦੀ ਚੋਣ ਤਿਆਰੀ ਕੀਤੀ। ਭਾਰਤ ਜੋੜੋ ਯਾਤਰਾ ਤੇ ਨਿਆਏ ਯਾਤਰਾ ਕੱਢੀ ਗਈ ਅਤੇ ਅਪੋਜ਼ੀਸ਼ਨ ਦੀਆਂ ਮੀਟਿੰਗਾਂ ਕੀਤੀਆਂ ਗਈਆਂ। ਨਫਰਤ ਦੇ ਬਾਜ਼ਾਰਾਂ ਵਿਚ ਮੁੱਹਬਤ ਦੀਆਂ ਦੁਕਾਨਾਂ ਖੋਲ੍ਹੀਆਂ ਗਈਆਂ।

ਰਾਹੁਲ ਨੇ ਮੋਦੀ ਦੇ ਇਸ ਹਾਲੀਆ ਦੋਸ਼ ਦਾ ਫਿਰ ਜਵਾਬ ਦਿੱਤਾ ਕਿ ਕਾਂਗਰਸ ਅਤੇ ਅਡਾਨੀ-ਅੰਬਾਨੀ ਵਿਚਾਲੇ ਸੌਦਾ ਵੱਜ ਗਿਆ ਹੈ। ਰਾਹੁਲ ਨੇ ਕਿਹਾ—ਤੁਸੀਂ ਦੇਖਿਆ ਹੈ ਕਿ ਮੋਦੀ ਜੀ ਨੇ 10 ਸਾਲ ਅੰਬਾਨੀ ਤੇ ਅਡਾਨੀ ਦਾ ਨਾਂ ਨਹੀਂ ਲਿਆ। ਪਰ ਹੁਣ ਉਹ ਉਨ੍ਹਾਂ ਦੇ ਨਾਂ ਲੈ ਰਹੇ ਹਨ, ਜਿਨ੍ਹਾਂ ਬਾਰੇ ਉਹ ਸੋਚਦੇ ਹਨ ਕਿ ਉਨ੍ਹਾ ਨੂੰ ਬਚਾਅ ਲੈਣਗੇ। ਰਾਹੁਲ ਨੇ ਕਿਹਾ ਕਿ ਦੋਨੋਂ ਬਿਜ਼ਨਸਮੈਨ ਮੋਦੀ ਦੇ ਦੋਸਤ ਰਹੇ ਹਨ ਤੇ ਹੁਣ ਮੋਦੀ ਕਹਿ ਰਹੇ ਹਨ—ਇੰਡੀਆ ਗੱਠਜੋੜ ਨੇ ਮੈਨੂੰ ਘੇਰ ਲਿਆ ਹੈ, ਮੈਂ ਹਾਰ ਰਿਹਾ ਹਾਂ। ਬਚਾਓ ਮੈਨੂੰ, ਅਡਾਨੀ-ਅੰਬਾਨੀ ਜੀ ਬਚਾਓ ਮੈਨੂੰ।



ਮੋਦੀ ਨੇ ਬੁੱਧਵਾਰ ਚੋਣ ਰੈਲੀ ਵਿਚ ਪੁੱਛਿਆ ਸੀ ਕਿ ਕਾਂਗਰਸ ਨੂੰ ਰਾਹੁਲ ਨੂੰ ਆਪਣੇ ਵਿਰੁੱਧ ਬੋਲਣ ਤੋਂ ਰੋਕਣ ਲਈ ਦੋਹਾਂ ਬਿਜ਼ਨਸਮੈਨਾਂ ਤੋਂ ਕਾਲੇ ਧਨ ਨਾਲ ਭਰੇ ਕਿੰਨੇ ਟੈਂਪੂ ਮਿਲੇ। ਰਾਹੁਲ ਨੇ ਇਸਦਾ ਜ਼ਿਕਰ ਕਰਦਿਆਂ ਕਿਹਾ—ਮੋਦੀ ਜੀ ਇਹ ਵੀ ਜਾਣਦੇ ਹਨ ਕਿ ਅਡਾਨੀ ਜੀ ਕਿਹੜੇ ਟੈਂਪੂ ਵਿਚ ਕਿਸ ਕਿਸਮ ਦਾ ਧਨ ਭੇਜਦੇ ਹਨ। ਪ੍ਰਧਾਨ ਮੰਤਰੀ ਦਾ ਨਿਜੀ ਤਜਰਬਾ ● ਬਾਕੀ ਸਫ਼ਾ 2 'ਤੇ

## ਖਡੂਰ ਸਾਹਿਬ ਹਲਕੇ ਤੋਂ ਗੁਰਦਿਆਲ ਸਿੰਘ ਹੀ ਵੋਟਾਂ ਦਾ ਹੱਕਦਾਰ : ਸੇਖੋਂ, ਬਰਾੜ

### ਗੁਰਦਿਆਲ ਸਿੰਘ ਹੀ ਲੋਕ ਸਭਾ 'ਚ ਹਰੇਕ ਵਿਅਕਤੀ ਦੇ ਰੁਜ਼ਗਾਰ ਦਾ ਹੱਕ ਦਿਵਾ ਸਕਦਾ : ਦਰਾਜਕੇ, ਮਾੜੀਮੇਘਾ




**ਤਰਨ ਤਾਰਨ** : ਸੀ ਪੀ ਆਈ ਤੇ ਸੀ ਪੀ ਆਈ (ਐੱਮ) ਦੇ ਖਡੂਰ ਸਾਹਿਬ ਹਲਕੇ ਤੋਂ ਸਾਂਝੇ ਉਮੀਦਵਾਰ ਗੁਰਦਿਆਲ ਸਿੰਘ ਖਡੂਰ ਸਾਹਿਬ ਦੇ ਕਾਗਜ਼ ਦਾਖਲ ਕਰਨ ਤੋਂ ਪਹਿਲਾਂ ਤਰਨ ਤਾਰਨ ਵਿਖੇ ਵਿਸ਼ਾਲ ਇਕੱਠ ਸੀ ਪੀ ਆਈ 'ਐੱਮ) ਦੇ ਤਰਨ ਤਾਰਨ ਜ਼ਿਲ੍ਹੇ ਦੇ ਆਗੂ ਹੀਰਾ ਸਿੰਘ ਕੰਡਿਆਂ ਵਾਲਾ, ਰਛਪਾਲ ਸਿੰਘ ਮੱਖੂ ਜ਼ਿਲ੍ਹਾ ਸਕੱਤਰ ਫਿਰੋਜ਼ਪੁਰ, ਅੰਮ੍ਰਿਤਸਰ ਦਿਹਾਤੀ ਦੇ ਆਗੂ ਸ਼ੇਰ ਗਿੱਲ, ਪੰਜਾਬ ਇਸਤਰੀ ਸਭਾ ਦੀ ਸੂਬਾਈ ਪ੍ਰਧਾਨ ਰਜਿੰਦਰਪਾਲ ਕੌਰ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਇਕੱਠ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ (ਐੱਮ) ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਤੇ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਵੋਟਾਂ ਦਾ ਅਸਲੀ ਹੱਕਦਾਰ ਗੁਰਦਿਆਲ ਸਿੰਘ ਹੀ ਹੈ, ਜੋ ਦਿਨ-ਰਾਤ ਜਨਤਾ ਦੀ ਸੇਵਾ ਕਰਦਾ ਹੈ। ਉਸ ਦੇ ਦੁਆਰ ਤੋਂ ਕੋਈ ਨਰਾਜ਼ ਨਹੀਂ ਜਾ ਸਕਦਾ, ਭਾਵੇਂ ਕਿਸੇ ਗਰੀਬ ਮਾਂ-ਬਾਪ ਨੇ ਆਪਣੇ ਪੜ੍ਹਦੇ ਹੋਏ ਬੱਚੇ ਦੀ ਪ੍ਰਾਈਵੇਟ ਸਕੂਲ 'ਚੋਂ ਫੀਸ ਮੁਆਫ਼ ਜਾਂ ਘੱਟ ਕਰਾਉਣੀ ਹੋਵੇ। ਪ੍ਰਾਈਵੇਟ ਸਕੂਲਾਂ ਦੇ ਮਾਲਕ ਵੀ ਖੇਤ ਮਜ਼ਦੂਰਾਂ ਵਿੱਚ ਜਨਮੇ ਗੁਰਦਿਆਲ ਸਿੰਘ ਖਡੂਰ ਸਾਹਿਬ ਦਾ ਮਾਨ- ● ਬਾਕੀ ਸਫ਼ਾ 2 'ਤੇ

## ਮਾਲਦੀਵ ਤੋਂ ਸਾਰੇ ਸੈਨਿਕ ਵਾਪਸ

**ਮਾਲੇ** : ਮਾਲਦੀਵ ਦੀ ਸਰਕਾਰ ਨੇ ਕਿਹਾ ਹੈ ਕਿ ਭਾਰਤ ਨੇ ਮਾਲਦੀਵ ਤੋਂ ਆਪਣੇ ਸਾਰੇ ਸੈਨਿਕ ਵਾਪਸ ਸੱਦ ਲਏ ਹਨ। ਰਾਸ਼ਟਰਪਤੀ ਮੁਹੰਮਦ ਮੁਇਜ਼ੂ ਨੇ ਦੇਸ਼ ਤੋਂ ਸਾਰੇ ਭਾਰਤੀ ਸੈਨਿਕ ਵਾਪਸ ਸੱਦਣ ਲਈ 10 ਮਈ ਦੀ ਸਮਾਂ ਸੀਮਾ ਨਿਰਧਾਰਤ ਕੀਤੀ ਸੀ। ਮੁਇਜ਼ੂ ਨੂੰ ਚੀਨ ਪੱਖੀ ਮੰਨਿਆ ਜਾਂਦਾ ਹੈ। ਰਾਸ਼ਟਰਪਤੀ ਦਫਤਰ ਦੀ ਮੁੱਖ ਤਰਜਮਾਨ ਹਿਨਾ ਵਲੀਦ ਨੇ ਦੱਸਿਆ ਕਿ ਮਾਲਦੀਵ 'ਚ ਤਾਇਨਾਤ ਭਾਰਤੀ ਸੈਨਿਕਾਂ ਦੇ ਆਖਰੀ ਜਥੇ ਨੂੰ ਵਾਪਸ ਭੇਜ ਦਿੱਤਾ ਗਿਆ ਹੈ। ਉਸਨੇ ਹਾਲਾਂਕਿ ਭਾਰਤੀ ਸੈਨਿਕਾਂ ਦੀ ਸਟੀਕ ਗਿਣਤੀ ਦੀ ਜਾਣਕਾਰੀ ਨਹੀਂ ਦਿੱਤੀ।

## 12 ਨਕਸਲੀ ਮਾਰੇ

**ਬੀਜਾਪੁਰ** : ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ 'ਚ ਸ਼ੁੱਕਰਵਾਰ ਸੁੱਰਖਿਆ ਕਰਮੀਆਂ ਨਾਲ ਹੋਏ ਮੁਕਾਬਲੇ 'ਚ 12 ਨਕਸਲੀ ਮਾਰੇ ਗਏ। ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਮੁਕਾਬਲਾ ਗੰਗਾਲੂਰ ਥਾਣੇ ਦੇ ਪਿੰਡ ਪਿਦੀਆ ਨੇੜੇ ਜੰਗਲ ਵਿਚ ਹੋਇਆ ਜਦੋਂ ਜਵਾਨ ਨਕਸਲ-ਵਿਰੋਧੀ ਅਪ੍ਰੇਸ਼ਨ ਚਲਾ ਰਹੇ ਸਨ। 16 ਅਪ੍ਰੈਲ ਨੂੰ ਜਵਾਨਾਂ ਨੇ ਕਾਂਕੇਰ ਜ਼ਿਲ੍ਹੇ ਵਿਚ 29 ਨਕਸਲੀ ਮਾਰੇ ਸਨ। ਇਸ ਸਾਲ ਹੁਣ ਤਕ ਬਸਤਰ ਖੇਤਰ ਵਿਚ 103 ਨਕਸਲੀ ਮਾਰੇ ਜਾ ਚੁੱਕੇ ਹਨ।

## ਲੱਗਦੈ ਪੂੰਜੀਪਤੀਆਂ ਨੇ ਮੋਦੀ ਵਿਰੋਧੀ ਸਿਆਸੀ ਹਵਾ ਭਾਂਪ ਲਈ ਐ : ਗੋਰੀਆ



ਕਾਮਰੇਡ ਗੋਰੀਆ ਦਾ ਸਨਮਾਨ ਕਰਦੇ ਹੋਏ ਪੰਜਾਬ ਖੇਤ ਮਜ਼ਦੂਰ ਸਭਾ ਦੇ ਅਹੁਦੇਦਾਰ।

**ਸ਼ਾਹਕੋਟ (ਗਿਆਨ ਸੈਦਪੁਰੀ)**
ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਭਾਰਤੀ ਕਮਿਊਨਿਸਟ ਪਾਰਟੀ ਦੇ ਲੁਧਿਆਣਾ ਦਫ਼ਤਰ 'ਚ ਹੋਈ। ਇਸ 'ਚ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਪ੍ਰਧਾਨਗੀ ਕਾਮਰੇਡ ਨਾਨਕ ਚੰਦੀ ਲੰਬੀ ਨੇ ਕੀਤੀ। ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਵੱਲੋਂ ਮੀਟਿੰਗ ਦਾ ਏਜੰਡਾ ਪੇਸ਼ ਕਰਨ ਉਪਰੰਤ ਪਿਛਲੇ ਸਮੇਂ ਵਿਛੋੜਾ ਦੇ ਗਏ ਸਾਥੀਆਂ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਨ੍ਹਾਂ ਸਾਥੀਆਂ 'ਚ ਕਮਿਊਨਿਸਟ ਪਾਰਟੀ ਦੇ ਕੌਮੀ ਸਕੱਤਰ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਜਨਰਲ ਸਕੱਤਰ ਕਾਮਰੇਡ ਅਤੁਲ ਕੁਮਾਰ ਅਨਜਾਨ, ਮੁਕੰਦ ਲਾਲ ਨਵਾਂ ਸ਼ਹਿਰ, ਮੁਸ਼ਤਾਕ ਅਹਿਮਦ, ਨਛੱਤਰ ਪਾਲ ਹੁਸ਼ਿਆਰਪੁਰ, ਮਾਲੀ ਰਾਮ ਦੋਦਾ, ਮਹਿੰਦਰ ਸਿੰਘ ਉਗਰਾਹਾਂ, ਨਾਨਕ ਸਿੰਘ ਸੰਗਰੂਰ ਅਤੇ ਸ਼ਿੰਗਾਰਾ ਸਿੰਘ ਸ਼ਾਮਲ ਸਨ।

ਏਜੰਡੇ 'ਚ ਸ਼ਾਮਲ ਚੋਣ ਮੁੱਦੇ ਬਾਰੇ ਸੰਬੋਧਨ ਕਰਦਿਆਂ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਕਿਹਾ ਕਿ ਲੋਕ ਸਭਾ ਦੀਆਂ ਚੋਣਾਂ ਵਿੱਚ ਸਾਡਾ ● ਬਾਕੀ ਸਫ਼ਾ 2 'ਤੇ

## ਦਾਭੋਲਕਰ ਕਤਲ ਕੇਸ 'ਚ 2 ਦੋਸ਼ੀਆਂ ਨੂੰ ਉਮਰ ਕੈਦ, 3 ਬਰੀ

**ਪੁਣੇ** : ਇੱਥੋਂ ਦੀ ਵਿਸ਼ੇਸ਼ ਅਦਾਲਤ ਨੇ ਤਰਕਸ਼ੀਲ ਨਰਿੰਦਰ ਦਾਭੋਲਕਰ ਹੱਤਿਆ ਕਾਂਡ ਦੇ ਪੰਜ ਮੁਲਜ਼ਮਾਂ ਵਿੱਚੋਂ ਤਿੰਨ ਨੂੰ ਬਰੀ ਕਰ ਦਿੱਤਾ ਤੇ ਦੋ ਨੂੰ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ। ਦਾਭੋਲਕਰ ਨੂੰ 20 ਅਗਸਤ 2013 ਨੂੰ ਉਦੋਂ ਗੋਲੀ ਮਾਰ ਦਿੱਤੀ ਗਈ ਸੀ, ਜਦੋਂ ਉਹ ਪੁਣੇ 'ਚ ਸਵੇਰ ਦੀ ਸੈਰ ਲਈ ਨਿਕਲ ਰਹੇ ਸਨ। ਇਸ ਮਾਮਲੇ 'ਚ ਪੰਜ ਵਿਅਕਤੀਆਂ ਨੂੰ ਮੁਲਜ਼ਮ ਬਣਾਇਆ ਗਿਆ ਸੀ। ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਨਾਲ ਸੰਬੰਧਤ ਮਾਮਲਿਆਂ ਲਈ ਵਿਸ਼ੇਸ਼ ਅਦਾਲਤ ਦੇ ਐਡੀਸ਼ਨਲ ਸੈਸ਼ਨ ਜੱਜ ਪੀ ਪੀ ਜਾਧਵ ਨੇ ਕਿਹਾ ਕਿ ਇਸਤਗਾਸਾ ਪੱਖ ਨੇ ਸਚਿਨ ਅੰਦੂਰੇ ਅਤੇ ਸ਼ਰਦ ਕਲਸਕਰ 'ਤੇ ਹੱਤਿਆ ਅਤੇ ਸਾਜ਼ਿਸ਼ ਰਚਣ ਦੇ ਦੋਸ਼ ਸਾਬਤ ਕਰ ਦਿੱਤੇ ਹਨ ਤੇ ਉਨ੍ਹਾਂ ਨੂੰ ਉਮਰ ਕੈਦ ਅਤੇ 5 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ।



ਦਾਭੋਲਕਰ



ਸਚਿਨ ਅੰਦੂਰੇ ਸ਼ਰਦ ਕਲਸਕਰ

ਸੀ ਬੀ ਆਈ ਅਨੁਸਾਰ ਅੰਦੂਰੇ ਅਤੇ ਕਲਸਕਰ ਨੇ ਦਾਭੋਲਕਰ 'ਤੇ ਗੋਲੀਬਾਰੀ ਕੀਤੀ ਸੀ। ਅਦਾਲਤ ਨੇ ਮੁਲਜ਼ਮ ਈ ਐੱਨ ਟੀ (ਕੰਨ-ਨੱਕ-ਗਲਾ) ਸਰਜਨ ਵਰਿੰਦਰ ਸਿੰਘ ਤਾਵੜੇ, ਸੰਜੀਵ ਪੁਨਾਲੇਕਰ ਅਤੇ ਵਿਕਰਮ ਭਾਵੇ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ। ਡਾ. ਤਾਵੜੇ ਹੱਤਿਆ ਕਾਂਡ ਦਾ ਮਾਸਟਰਮਾਈਂਡ ਮੰਨਿਆ ਜਾ ਰਿਹਾ ਸੀ।

ਦਾਭੋਲਕਰ ਮਹਾਰਾਸ਼ਟਰ ਅੰਧਸ਼ਰਧਾ ਨਿਰਮੂਲਨ ਸਮਿਤੀ ਦੇ ਮੁਖੀ ਸਨ। ਦਾਭੋਲਕਰ ਦੀ ਹੱਤਿਆ ਦੇ ਬਾਅਦ ਚਾਰ ਸਾਲਾਂ ਵਿਚ ਤਿੰਨ ਹੋਰਾਂ ਦੀਆਂ ਹੱਤਿਆਵਾਂ ਹੋਈਆਂ ਸਨ। ਫਰਵਰੀ 2015 ਵਿਚ ਕਮਿਊਨਿਸਟ ਆਗੂ ਗੋਵਿੰਦ ਪੰਸਾਰੇ ਤੇ ਉਸੇ ਸਾਲ ਅਗਸਤ ਵਿਚ ਕੰਨੜ ਸਕਾਲਰ ਐੱਮ ਐੱਮ ਕਲਬੁਰਗੀ ਦੀ ● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਕੇਜਰੀਵਾਲ ਦੀ ਜ਼ਮਾਨਤ ਆ ਜਦੋਂ ਹੋਈ,
ਬਦਲ ਗਏ ਦੇਸ਼ ਦੇ ਚੋਣ-ਹਾਲਾਤ ਬੇਲੀ।
ਬਾਹਰ ਕੇਸ ਦੇ ਕਿੱਸੇ ਨਹੀਂ ਕਹਿ ਸਕਦਾ,
ਖੁੱਲ੍ਹੀ ਕਹੂ ਬਾਕੀ ਹਰ ਕੋਈ ਬਾਤ ਬੇਲੀ।
ਮੰਗੇ ਬਿਨਾਂ ਜ਼ਮਾਨਤ ਜਦ ਮਿਲੀ ਉਸ ਨੂੰ,
ਵਿਰੋਧੀਆਂ ਵਾਸਤੇ ਵੱਡੀ ਆ ਮਾਤ ਬੇਲੀ।
ਭਲਕ ਤੋਂ ਰਿੱਝੂ ਫਿਰ ਚੋਣ ਮੈਦਾਨ ਡਾਢਾ,
ਮੀਡੀਆ ਕਰੂਗਾ ਅਰਥ-ਅਰਥਾਤ ਬੇਲੀ।
ਅਸਰ ਲੋਕਾਂ 'ਤੇ ਜਿੱਦਾਂ ਦਾ ਪਿਆ ਲੱਗਦਾ,
ਅੱਜ ਤੇ ਹੁੰਦਾ ਇਹ ਮੁਲਕ ਹੈਰਾਨ ਬੇਲੀ।
ਨਤੀਜੇ ਆਏ, ਹਕੀਕਤ ਫਿਰ ਪਤਾ ਲੱਗੂ,
ਮਾਰ ਗਿਆ ਅੰਤ ਆ ਕੌਣ ਮੈਦਾਨ ਬੇਲੀ।

-ਤੀਸ ਮਾਰ ਖਾਂ

## ਗੁਰਪਤਵੰਤ ਪਨੂੰ ਦਾ ਮਾਮਲਾ ਵੱਡੇ ਟਕਰਾਅ ਦਾ ਕਾਰਨ ਬਣ ਸਕਦਾ ਸੀ : ਗਾਰਸੇਟੀ

**ਵਾਸ਼ਿੰਗਟਨ** : ਅਮਰੀਕਾ ਦੇ ਨਾਮੀ ਡਿਪਲੋਮੈਟ ਨੇ ਕਿਹਾ ਹੈ ਕਿ ਅਮਰੀਕੀ ਧਰਤੀ 'ਤੇ ਵੱਖਵਾਦੀ ਨੇਤਾ ਗੁਰਪਤਵੰਤ ਸਿੰਘ ਪਨੂੰ ਦੀ ਹੱਤਿਆ ਦੀ ਕਥਿਤ ਸਾਜ਼ਿਸ਼ ਵਿਚ ਭਾਰਤੀ ਅਧਿਕਾਰੀਆਂ ਦੀ ਸ਼ਮੂਲੀਅਤ ਦੇ ਦੋਸ਼ਾਂ 'ਤੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਪ੍ਰਸ਼ਾਸਨ ਨੇ ਭਾਰਤ ਤੋਂ ਜਿਸ ਜਵਾਬਦੇਹੀ ਦੀ ਉਮੀਦ ਕੀਤੀ ਸੀ, ਉਸ ਸੰਬੰਧ ਵਿਚ ਉਹ ਹੁਣ ਤੱਕ ਚੁੱਕੇ ਕਦਮ ਤੋਂ ਸੰਤੁਸ਼ਟ ਹੈ। ਅਮਰੀਕੀ ਸੰਘੀ ਵਕੀਲਾਂ ਨੇ ਪਿਛਲੇ ਸਾਲ ਨਵੰਬਰ ਵਿਚ ਭਾਰਤੀ ਨਾਗਰਿਕ ਨਿਖਿਲ ਗੁਪਤਾ 'ਤੇ ਭਾਰਤੀ ਸਰਕਾਰੀ ਕਰਮਚਾਰੀ ਨਾਲ ਮਿਲ ਕੇ ਪਨੂੰ ਦੀ ਹੱਤਿਆ ਦੀ ਨਾਕਾਮ ਸਾਜ਼ਿਸ਼ ਕਰਨ ਦਾ ਦੋਸ਼ ਲਗਾਇਆ ਸੀ। ਅੱਤਵਾਦ ਦੇ ਦੋਸ਼ਾਂ 'ਚ ਭਾਰਤ 'ਚ ਲੋੜੀਂਦੇ ਪਨੂੰ ਕੋਲ ਅਮਰੀਕਾ ਅਤੇ ਕੈਨੇਡਾ ਦੀ ਦੋਹਰੀ ਨਾਗਰਿਕਤਾ ਹੈ। ਉਸ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਨੇ ਗੈਰਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਤਹਿਤ ਅੱਤਵਾਦੀ ਵਜੋਂ ਸੂਚੀਬੱਧ ਕੀਤਾ ਹੋਇਆ ਹੈ। ਭਾਰਤ 'ਚ ਅਮਰੀਕੀ ਰਾਜਦੂਤ ਐਰਿਕ ਗਾਰਸੇਟੀ ਨੇ ਅਮਰੀਕੀ ਥਿੰਕ-ਟੈਂਕ 'ਕਾਊਂਸਿਲ ਆਨ ਫਾਰੇਨ ਰਿਲੇਸਨਜ਼' (ਸੀ ਐੱਫ ਆਰ) ਵੱਲੋਂ ਕਰਵਾਏ ਸਮਾਗਮ ਦੌਰਾਨ ਕਿਹਾ-ਕਿਸੇ ਵੀ ਰਿਸ਼ਤੇ 'ਚ ਉਤਰਾਅ-ਚੜ੍ਹਾਅ ਆਉਂਦੇ ਹਨ ਅਤੇ ਇਸ ਮਾਮਲੇ 'ਚ ਇਹ ਰਿਸ਼ਤੇ 'ਚ ਪਹਿਲਾ ਵੱਡਾ ਟਕਰਾਅ ਹੋ ਸਕਦਾ ਸੀ ਅਤੇ ਸ਼ੁਕਰ ਹੈ ਕਿ ਅਸੀਂ ਜਿਹੋ ਜਿਹੀ ਜਵਾਬਦੇਹੀ ਦੀ ਆਸ ਕੀਤੀ ਸੀ, ਪ੍ਰਸ਼ਾਸਨ ਹੁਣ ਤੱਕ ਉਸ ਤੋਂ ਸੰਤੁਸ਼ਟ ਹੈ। ਇਹ ਅਮਰੀਕਾ ਅਤੇ ਸਾਡੇ ਨਾਗਰਿਕਾਂ ਲਈ ਮਹੱਤਵਪੂਰਨ ਹੈ। ਇਹ ਅਪਰਾਧਿਕ ਮਾਮਲਾ ਹੈ ਜਿਸ 'ਤੇ ਮੁਕੱਦਮਾ ਚਲਾਇਆ ਗਿਆ ਹੈ। ਜੇ ਸਰਕਾਰੀ ਤੱਤ ਸ਼ਾਮਲ ਹਨ ਤਾਂ ਜਵਾਬਦੇਹੀ ਹੋਣੀ ਚਾਹੀਦੀ ਹੈ। ਅਸੀਂ ਇਸ ਜਵਾਬਦੇਹੀ ਦੀ ਉਮੀਦ ਸਿਰਫ ਆਪਣੇ ਤੋਂ ਹੀ ਨਹੀਂ, ਭਾਰਤ ਤੋਂ ਵੀ ਕਰਦੇ ਹਾਂ।


## ਸਰਹਿੰਦ ਵਿਜਯ ਦਿਵਸ ਤੇ ਮਹਾਰਾਜਾ ਬੰਦਾ ਬਹਾਦਰ ਭਾਰਦਵਾਜ (ਸ਼੍ਰੀਮਾਨ ਲਕਸ਼ਮਣ ਦੇਵ ਭਾਰਦਵਾਜ) ਤੇ ਸਾਰੇ ਧਰਮਵੀਰ ਸਾਥੀਆਂ ਸੈਨਿਕਾ ਤੇ ਸ਼ਹੀਦਾ ਨੂੰ ਪੈਰੀ ਮੱਥਾਟੇਕ ਤੇ ਲਖੋ ਲੱਖ ਪ੍ਰਣਾਮ (12 ਮਈ 1710-16 ਮਈ 1710)

।। ਵੰਸ਼ਜ ਸਪਤ ਮਹਾਰਿਸ਼ੀ ਭਾਰਦਵਾਜ ਜੀ ।।

ਦਿੱਲੀ ਲਾਲ ਕਿਲਾ ਵਿਜਯ ਦਿਵਸ ਤੇ ਹਿੰਦੁਸਤਾਨ ਦੀ ਪਹਿਲੀ ਅਜਾਦੀ ਜੰਗ ਲੜਾਈ ਸੰਗਰਾਮ ਦੇ ਮਹਾਜਰਨੈਲ ਮੰਗਲ ਪਾਂਡੇ ਬ੍ਰਾਹਮਣ ਦੇ ਸਾਥੀਆਂ-ਸੈਨਿਕਾਂ-ਸ਼ਹੀਦਾਂ ਨੂੰ ਪੈਰੀ ਮੱਥਾਟੇਕ ਤੇ ਲਖੋ ਲੱਖ ਪ੍ਰਣਾਮ (10 ਮਈ 1857)

ਸਰਹਿੰਦ ਤੇ ਅਫਗਾਨਿਸਤਾਨ-ਪੰਜਾਬ-ਗੰਧਾਰ ਦੇ ਬ੍ਰਾਹਮਣ ਹਿੰਦੂਸ਼ਾਹੀ ਸਾਮਰਾਜ ਦਾ ਇਤਿਹਾਸ

ਪ੍ਰਾਚੀਨਕਾਲ ਸਮੇ ਵਿਚ ਮਹਾਰਿਸ਼ੀ ਪਰਾਸ਼ਰ ਦੀ ਕਿਤਾਬ ਪਰਾਸ਼ਰ ਤੰਤਰਾ ਤੇ ਮਹਾਗੁਰੂ ਵਰਾਹ ਮਾਹਿਰਾਂ ਦੀ ਕਿਤਾਬ ਵਰਿਹਤ ਸਹਿੰਤਾ ਮੁਤਾਬਕ ਸਰਹਿੰਦ ਦਾ ਪ੍ਰਾਚੀਨ ਨਾਮ ਸਤੁਦਰ ਦੇਸ਼ ਸੀ ਜਿਸਦੇ ਨਾਲ ਸਤਲੁਜ ਦਰਿਆ ਨਦੀ ਜਿਸਦਾ ਪ੍ਰਾਚੀਨ ਨਾਮ ਸਤਾਦਰੁ ਦਰਿਆ ਨਦੀ ਵਗਦੀ ਜਾਂਦੀ ਸੀ।

ਮਧਿਆਕਾਲ ਸਮੇ ਵਿਚ ਅਰਬੀ ਇਤਿਹਾਸਕਾਰ ਅਲ ਵਰੁਨੀ (ਈ. 973-ਈ. 1048) ਦੀ ਕਿਤਾਬ ਤਰਿਖੇ-ਏ-ਹਿੰਦ ਕਿਤਾਬ ਦੇ ਅਨੁਸਾਰ ਮੁਤਾਬਕ ਈਸਵੀ 822 ਨੂੰ ਮਹਾਰਾਜਾ ਕਲਾਰਦੇਵ ਸ਼ਾਹ ਬ੍ਰਾਹਮਣ (ਲਾਲੀਆਂ) ਨੇ ਇਸਲਾਮੀ ਤੁਰਕ ਸ਼ਾਹੀ ਮਹਾਰਾਜਾ ਨੂੰ ਕਤਲ ਕਰਕੇ ਅਫਗਾਨਿਸਤਾਨ - ਪੰਜਾਬ - ਗੰਧਾਰ ਤੇ ਬ੍ਰਾਹਮਣ ਹਿੰਦੂ ਸ਼ਾਹੀ ਸਾਮਰਾਜ ਦੀ ਸਥਾਪਨਾ ਨੀਵ ਰਖੀ। ਅਤੇ 1026 ਈਸਵੀ ਤੱਕ ਅੱਠ (8) ਰਾਜਿਆਂ ਨੇ ਰਾਜ ਕੀਤਾ। ਅਤੇ ਮੋਹਮਦ ਗੌਰੀ ਤੇ ਮਹਿਮੂਦ ਗਜ਼ਨਵੀ ਨਾਲ ਬਹੁਤ ਸਾਰੀਆਂ ਲੜਾਈਆਂ ਜੰਗ ਲੜਿਆ ਤੇ ਜਿਤਿਆ ਹਾਰਿਆ। ਸਰਹਿੰਦ ਬ੍ਰਾਹਮਣ ਹਿੰਦੂਸ਼ਾਹੀ ਸਾਮਰਾਜ ਦੀ ਪੂਰਬੀ ਸਰਹੱਦ ਤੇ ਸੈਨਿਕ ਛਾਉਣੀ ਸੀ। ਈਨਾ ਨੇ ਬ੍ਰਾਹਮਣ ਹਿੰਦੂ ਸ਼ਾਹੀ ਸਾਮਰਾਜ ਦੇ ਚਾਂਦੀ ਦੇ ਸਿੱਕੇ ਘੜੇ ਤੇ ਚਲਾਏ। ਇਨਾ ਸਿੱਕਿਆਂ ਤੇ ਪਗੜੀ ਧਾਰੀ ਘੋੜਸਵਾਰ ਤੇ ਬੈਲ ਤ੍ਰਿਸ਼ੂਲ ਦੀ ਤਸਵੀਰ ਦੇ ਨਾਗਰੀ ਲਿਪੀ ਵਿਚ ਰਾਜ ਭਾਸ਼ਾ ਸੰਸਕ੍ਰਿਤ ਲਿਖਤ ਲਿਖੀ ਹੋਇ ਹੁੰਦੀ ਸੀ। ਇਨ੍ਹਾਂ ਦੇ ਸਾਮਰਾਜ ਵਿਚ ਬਹੁਤ ਸਾਰੀਆਂ ਮਾਂ ਬੋਲੀਆਂ ਬੋਲਿਆ ਜਾਂਦੀ ਸੀ। ਇਨਾ ਦੇ ਸੈਨਿਕ ਪਰਿਵਾਰੀਕ - ਵਿਵਾਹਿਕ ਰਿਸ਼ਤੇ ਕਸ਼ਮੀਰ ਸਾਮਰਾਜ ਦੇ ਲੋਹਾਰ ਰਾਜਸ਼ਾਹੀ ਰਾਜਿਆ ਨਾਲ ਸੀ। ਮਹਾਰਾਜਾ ਭੀਮਾਦੇਵਸ਼ਾਹ ਬ੍ਰਾਹਮਣ ਦੀ ਪੋਤੀ ਮਹਾਰਾਣੀ ਦੀਦਾ ਦਾ ਵਿਆਹ ਕਸ਼ਮੀਰ ਦੇ ਲੋਹਾਰ ਰਾਜਸ਼ਾਹੀ ਮਹਾਰਾਜਾ ਕਾਸ਼ੇਮਗੁਪਤ ਬ੍ਰਾਹਮਣ ਨਾਲ ਹੋਆ ਸੀ। ਇਨਾ ਦੀ ਰਾਜਧਾਨੀ ਕਾਬੁਲ - ਉਦਭਣਦਾਪੁਰਾ (ਹੁੰਦ) - ਲਾਹੌਰ - ਨੰਦਾਨਾ ਵਿਚ ਸਮੇਂ ਸਮੇਂ ਵਿਚ ਰਹੀ। ਈਸਵੀ 1008 ਵਿੱਚ, ਮਹਿਮੂਦ ਗਜ਼ਨਵੀ ਨੇ ਚੱਚ ਦੀ ਜੰਗ ਲੜਾਈ ਵਿੱਚ ਮਹਾਰਾਜਾ ਆਨੰਦਪਾਲਸ਼ਾਹ ਬ੍ਰਾਹਮਣ ਨੂੰ ਹਰਾ ਕੇ ਅਫਗਾਨਿਸਤਾਨ - ਪੰਜਾਬ - ਗੰਧਾਰ ਤੇ ਕਬਜਾ ਕਰ ਲਿਆ ਮਹਾਰਾਣੀ ਦੀਦਾ ਬ੍ਰਾਹਮਣ ਨੇ ਕਸ਼ਮੀਰ ਦੇ ਸੈਨਾਪਤੀ - ਪ੍ਰਧਾਨਮੰਤਰੀ ਤੁੰਗਾ ਨਾਲ, ਕਸ਼ਮੀਰੀ ਸੈਨਾ, ਮਹਾਰਾਜਾ ਆਨੰਦਪਾਲਸ਼ਾਹ ਬ੍ਰਾਹਮਣ ਦੀ ਸਹਾਇਤਾ ਵਾਸਤੇ ਭੇਜਿ। ਇਸ ਜੰਗ ਲੜਾਈ ਤੋਂ ਬਾਅਦ ਮਹਾਰਾਜਾ ਭੀਮਪਾਲਸ਼ਾਹ ਬ੍ਰਾਹਮਣ ਨੇ ਕਸ਼ਮੀਰ ਸਾਮਰਾਜ ਵਿਚ ਠਹਿਰ ਵਸ਼ੇਰਾ ਕੀਤਾ ਤੇ ਕਸ਼ਮੀਰ ਸਮਰਾਜ ਵਿਚ ਬੜੇ ਬੜੇ ਪਦ ਔਹਦੇ ਪਾਏ ਤੇ ਮਹਿਮੂਦ ਗਜ਼ਨਵੀ ਬਾਦਸ਼ਾਹ ਨਾਲ ਜੰਗਾਂ ਲੜਾਈਆਂ ਜਾਰੀ ਰੱਖਿਆ। ਮਹਿਮੂਦ ਗਜਨਵੀ ਨੂੰ ਮੋਹਮਦ ਗੋਰੀ ਨੇ ਹਰਾ ਕੇ ਅਫਗਾਨਿਸਤਾਨ - ਪੰਜਾਬ - ਗੰਧਾਰ ਤੇ ਇਸਲਾਮੀ ਬਾਦਸ਼ਾਹੀ ਸਥਾਪਤ ਕੀਤੀ ਤੇ ਇਸਵੀ 1191 ਤੋਂ 1192 ਵਿਚ ਮਹਾਰਾਜਾ ਪ੍ਰਿਥਵੀਰਾਜ ਸਿੰਘ ਚੌਹਾਨ ਅਜਮੇਰ ਦਿੱਲੀ ਦਾ ਹਿੰਦੁਰਾਜਪੁਤਸ਼ਾਹੀ ਸਾਮਰਾਜ ਨਾਲ ਤਰੋੜੀ - ਤਰਾਈ ਦੀ ਪਹਿਲੀ ਲੜਾਈ ਵਿਚ ਜਿੱਤ ਅਤੇ ਦੂਸਰੀ ਲੜਾਈ ਵਿਚ ਹਰ ਖਾਦੀ ਤੇ ਅਜਮੇਰ ਦਿੱਲੀ ਹਿੰਦੁਰਾਜਪੁਤਸਾਮਰਾਜ ਤੇ ਈ: 1200 ਵਿਚ ਇਸਲਾਮੀ ਬਾਦਸ਼ਾਹੀ ਨੀਂਹ - ਸਥਾਪਨਾ ਕੀਤੀ।

• ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਦਾ ਜਨਮ 16 ਅਕਤੂਬਰ 1670 ਨੂੰ ਪੁੰਛ ਰਾਜੋਰੀ ਵਿਚ ਪਿਤਾ ਸ਼੍ਰੀ ਰਾਮਦੇਵ ਭਾਰਦਵਾਜ ਅਤੇ ਮਾਤਾ ਸ਼੍ਰੀਮਤੀ ਸੁਲਕਸ਼ਣਾ ਦੇਵੀ ਭਾਰਦਵਾਜ ਦੇ ਘਰ ਹੋਆ ਮਾਤਾ ਮਹਾਰਿਸ਼ੀ ਮੋਦੀਗਿਲ ਦੇ ਵੰਸ਼ਜ ਸੀ.
• ਮਹਾਰਿਸ਼ੀ ਭਾਰਦਵਾਜ ਜੀ ਨੇ ਫੌਜੀ ਗ੍ਰੰਥ ਲਿਖਿਆ - ਧਨੁਰਵੇਦ - ਹਵਾਈ ਸੈਨਾ ਦੇ ਜਹਾਜ਼ ਦੀ ਕਿਤਾਬ - ਵਿਮਾਨਿਕਾ ਸ਼ਾਸਤਰ - ਭਾਰਧਵਾਜ ਸਾਹਿੰਤਾ - ਭਾਸ਼ਾ ਵਿਆਕਰਣ ਪੁਸਤਕ - ਭਾਰਦਵਾਜ ਸਿੱਖਿਆ - ਧਰਮਰਾਜ ਨੀਤੀ ਪੁਸਤਕ - ਨੈਤਿਕਤਾ - ਆਯੁਰਵੇਦ ਗ੍ਰੰਥ - ਚਰਕ ਸਾਹਿੰਤਾ, ਇੱਕ ਹਿੱਸਾ ਜੋ ਬਾਲ ਹਿੰਦੂ ਧਰਮ ਹੈ ਮੂਲ ਪਾਠ ਹੈ।
• ਮਹਾਗੁਰੂ ਦਰੋਣਾਚਾਰੀਆ ਭਾਰਧਵਾਜ - ਗੁਰੂ ਅਸ਼ਵਧਾਮਾ ਭਾਰਧਵਾਜ ਸਪਤ ਮਹਾਰਿਸ਼ੀ ਭਾਰਧਵਾਜ ਦੇ ਵੰਸ਼ਜ ਸਨ।ਮਹਾਰਾਜਾ ਪੁਸ਼ਿਆਮਿੱਤਰ ਸੁਗਾ ਭਾਰਦਵਾਜ - ਨੇ 185 ਈਸਾ ਪੂਰਵ ਵਿੱਚ ਮਗਧ ਰਾਜ ਦੀ ਸਥਾਪਨਾ ਕੀਤੀ ਅਤੇ ਉਸਦੇ ਪੁੱਤਰ ਮਹਾਰਾਜਾ ਅਗਨਿਮਿਤਰ ਭਾਰਦਵਾਜ - ਮਹਾਰਾਜਾ ਦੇਵਮੁਤੀ ਭਾਰਦਵਾਜ ਨੇ 73 ਈਸਾ ਪੂਰਵ ਤੱਕ 112 ਸਾਲ ਰਾਜ ਕੀਤਾ।
• ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਨੇ ਦੱਖਣ ਭਾਰਤ ਮਹਾਰਾਸ਼ਟਰ ਵਿੱਚ ਗੋਦਾਵਰੀ ਨਦੀ ਦੇ ਕੰਢੇ ਨਾਂਦੇੜ ਸਥਾਨ ਉੱਤੇ ਆਪਣਾ ਗੁਰੂਕੁਲ ਅਤੇ ਅਖਾੜਾ-ਛਾਉਣੀ ਗੋਉਸ਼ਾਲਾ ਸਥਾਪਿਤ ਕੀਤੀ ਅਤੇ ਭਾਰਤ ਦੇ ਸਾਰੇ ਰਾਜਾ ਵਿੱਚ ਹਜ਼ਾਰਾ ਗੁਰੂਕੁਲਨ ਵਣਈਆ ਜਿਸ ਵਿੱਚ ਪੰਜਾਬ ਹਿਮਾਚਲ ਜੰਮੂ ਹਰਿਆਣਾ ਉੱਤਰ ਪ੍ਰਦੇਸ਼ ਮੱਧ ਪ੍ਰਦੇਸ਼ ਰਾਜਸਥਾਨ ਗੁਜਰਾਤ ਸਿੰਧ ਲਾਹੌਰ ਦੇਹਲੀ ਜੈਲਮ। ਰਾਵਲਪਿੰਡੀ ਦੇ ਸਨਾਤਨ ਧਾਮੀ ਹਿੰਦੂ ਵੀਰ ਵਾਲਕ ਸ਼ਿਸ਼ਏ ਭਰਤੀ ਕਿਤੇ ਜਾਂਦੇ ਅਤੇ ਉਨ੍ਹਾਂ ਨੂੰ ਸ਼ਾਸਤਰ ਵਿਦਿਆ - ਅਸਤਰ ਸ਼ਾਸਤਰ ਵਿਦਿਆ - ਤਲਵਾਰਬਾਜ਼ੀ - ਘੋੜ ਸਵਾਰੀ - ਨੇਜੇਬਾਜੀ - ਬੰਦੂਕਬਾਜ਼ੀ - ਗੱਦਾਬਜੀ - ਕੁਸ਼ਤੀ - ਕਬੱਡੀ - ਯੋਗਾ ਸਿਖਾਇ ਜ਼ਾਦੀ। ਅਤੇ ਮੁਗਲਾ ਅਫਗਾਨਾ ਤੁਰਕਾ ਨਾਲ ਲੜਾਈਆਂ ਕੀਤੀਆਂ ਜਾਂਦੀਆਂ ਤੇ ਜਿੱਤੀਆਂ ਜਾਂਦੀਆਂ
• ਛਤਰਪਤੀ ਸ਼ਿਵਾਜੀ ਮਹਾਰਾਜ ਭੋਸਲੇ ਯਾਦਵ ਦੇ ਧਾਰਮਿਕ ਗੁਰੂ ਸਮਰਥ ਰਾਮਦਾਸ ਬ੍ਰਾਹਮਣ ਨੂੰ ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਨੇ ਆਪਣਾ ਗੁਰੂ ਮੰਨ ਲਿਆ ਸੀ।
• ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਜੀ ਨੇ 12 ਮਈ ਤੋਂ 16 ਮਈ 1710 ਤੱਕ ਚੱਪੜਚਿੜੀ ਦੇ ਮੈਦਾਨ ਵਿੱਚ ਮੁਗਲੀਆ ਸਰਹਿੰਦ ਸੂਬੇਦਾਰ ਵਜ਼ੀਰ ਖਾਨ - ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਖਾਨ - ਨਵਾਬ ਰੋਪੜ ਨਵਾਬ ਰਾਏਕੋਟ ਦੀ ਫੌਜ ਨੂੰ ਹਰਾਇਆ ਇਸ ਲੜਾਈ ਵਿੱਚ ਸੂਬੇਦਾਰ ਵਜ਼ੀਰ ਖਾਨ ਮਾਰਿਆ ਗਿਆ ਅਤੇ ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਨੇ ਨਵਾਬ ਮਲੇਰਕੋਟਲਾ ਨੂੰ ਚਾਰੇ ਬਾਹਾਂ ਅਤੇ ਲੱਤਾਂ ਨਾਲ ਗਰਦਨ ਮਰੋੜ ਕੇ ਅਪਾਹਜ ਕਰ ਦਿੱਤਾ ਅਤੇ ਕੁਝ ਮਹੀਨਿਆਂ ਬਾਅਦ ਉਸਦੀ ਮੌਤ ਹੋ ਗਈ। ।

ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਜੀ ਨੇ ਸੂਬਾ ਸਰਹਿੰਦ ਨੂੰ ਜਿੱਤ ਕੇ ਪੰਚਾਇਤੀ ਲੋਕਰਾਜ ਸਥਾਪਿਤ ਕੀਤਾ - ਖਾਨਦਾਨੀ ਮਾਲਕੀ - ਜਾਮੀਨਦਾਰੀ - ਜਾਗੀਰਦਾਰੀ - ਗੁਲਾਮਸ਼ਿਰੀ ਪ੍ਰਥਾ ਨੂੰ ਖਤਮ ਕੀਤਾ ਸਾਰੀ ਜਮੀਨ ਗ੍ਰਾਮ ਪੰਚਾਇਤ ਦੀ ਮਾਲਕੀ ਕਰ ਦਿਤੀ ਪਿੰਡ ਦਾ ਹਰੇਕ ਜਾਤੀ ਧਰਮ ਦਾ ਆਦਮੀ ਪਰਿਵਾਰ ਗ੍ਰਾਮ ਪੰਚਾਇਤ ਕੋਲੋਂ ਜਮੀਨ ਲੈਕੇ ਕਿਸਾਨੀ ਖੇਤੀ ਕਰ ਸਕਦਾ ਸੀ।

• ਫਰਵਰੀ 1716 ਵਿਚ ਮੁਗਲ ਬਾਦਸ਼ਾਹ ਫਰੁਖਸੀਅਰ ਦੀ ਫੌਜ, ਮਹਾਰਾਜਾ ਬੰਦਾ ਬਹਾਦਰ ਭਾਰਦਵਾਜ - 750 ਧਰਮਵੀਰ ਸਿਪਾਹੀ - ਗੁਰੂਕੁਲ ਦੇ ਸਿਸਯ ਪੁੱਤਰ ਚਾਰ ਸਾਲ ਅਜੈਭਰਦਵਾਜ ਨੂੰ ਕੈਦ ਕਰ ਦਿੱਤਾ, ਅਤੇ ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਦੇ ਹਜ਼ਾਰਾਂ ਸਿਪਾਹੀ ਉਸ ਦਾ ਸਾਥ ਛੱਡ ਗਏ ਮੁਗਲਾਂ ਨੂੰ ਸਮਰਥਨ ਕਰਨਾ ਸ਼ੁਰੂ ਕਰ ਦਿੱਤਾ। ਇਹਨਾਂ ਸਾਰਿਆਂ ਨੂੰ ਮੁਗਲ ਬਾਦਸ਼ਾਹ ਫਾਰੂਖਸੀਅਰ ਨੂੰ ਜਾਮੀਨਦਾਰੀਆਂ - ਜਾਗੀਰਦਾਰੀਆਂ ਦੀਤੀਆਂ ਅਤੇ ਫੌਜੀ ਮਦਦ ਦਿੱਤੀ ਗਈ ਸੀ।
• ਮੁਗਲ ਬਾਦਸ਼ਾਹ ਫਰੂਖਸੀਅਰ ਖਾਨ ਨੇ 9 ਮਈ 1716 ਨੂੰ ਦਿੱਲੀ ਦੇ ਮਹਿਰੋਲੀ ਸਥਾਨ 'ਤੇ ਮਹਾਰਾਜਾ ਬੰਦਾ ਬਹਾਦਰ ਭਾਰਦਵਾਜ - ਗੁਰੂਕੁਲ ਦੇ ਚੇਲੇ, ਚਾਰ ਸਾਲ ਦੇ ਪੁੱਤਰ ਅਜੈ ਭਾਰਦਵਾਜ ਦੇ 750 ਧਰਮਵੀਰ ਸਿਪਾਹੀ - ਅੱਖਾਂ ਪਾੜ ਕੇ - ਜੀਭ ਵੱਢ ਕੇ - ਮਾਸ ਵੱਢ ਕੇ - ਕੱਟ ਕੇ। ਸੀਨੇ ਨੂੰ ਪਾੜਨਾ - ਦਿਲ ਬਾਹਰ ਆਉਂਦਾ ਹੈ ਅਤੇ ਵੱਡੇ ਪੱਧਰ 'ਤੇ ਕੁਰਬਾਨੀਆਂ ਨੂੰ ਮਾਰਦਾ ਹੈ।

ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਜੀ ਕਿ ਮੌਤ ਕਾ ਭਾਜੀਮੋੜ ਬਦਲਾ ਸਨਾਤਨ ਧਰਮੀ ਹਿੰਦੂਆਂ ਨੇ ਮੁਗਲੀਆ ਬਾਦਸ਼ਾਹ ਫਾਰੂਖਸਯਾਰ ਕਾ ਵੂਚੜੀ ਕਤਲ ਕਰਕੇ ਲਿਆ

• ਮੁਗਲ ਬਾਦਸ਼ਾਹ ਫਾਰੂਖਸੀਅਰ ਖਾਨ ਔਰੰਗਜ਼ੇਬ ਦੇ ਉੱਤਰਾਧਿਕਾਰੀ ਸਨ 28 ਫਰਵਰੀ 1719 ਤੋਂ 29 ਅਪ੍ਰੈਲ 1719 ਨੂੰ ਹਿੰਦੂ ਰਾਜਸ਼ਾਹੀ ਫੌਜ ਦੇ ਮਰਾਠਾ ਛਤਰਪਤੀ ਸ਼ਾਹੂਜੀ ਮਹਾਰਾਜ ਭੋਸਲੇ ਯਾਦਵ - ਪ੍ਰਧਾਨ ਮੰਤਰੀ ਵਲਜੀ ਵਿਸ਼ਵਨਾਥ ਬ੍ਰਾਹਮਣ - ਸੈਨਾਪਤੀ ਬਾਜੀਰਾਓ ਬ੍ਰਾਹਮਣ (ਅਗਲਾ ਪੇਸ਼ਵਾ) ਦੀ ਹਿੰਦੂ ਰਾਜਸ਼ਾਹੀ ਦੇ 1600 ਸਿਪਾਹੀਆਂ ਨੇ ਪੂਰੀ ਦਿੱਲੀ ਨੂੰ ਘੇਰ ਲਿਆ ਅਤੇ 400 ਸਿਪਾਹੀਆਂ ਨੇ ਲਾਲ ਕਿਲੇ ਦੇ ਅੰਨਦ ਵੜ ਕੇ ਹਮਲਾ ਕਰ ਦਿੱਤਾ। ਅਤੇ ਸਾਰੀ ਦਿੱਲੀ ਲੁੱਟ ਲਈ - ਇੱਟ ਨਾਲ ਇੱਟ ਵਜਾ ਦਿੱਤੀ - ਮੁਗਲ ਬਾਦਸ਼ਾਹ ਫਰੂਖਸੀਅਰ ਖਾਨ ਨੂੰ ਲਾਲ ਕਿਲੇ ਵਚਿਹ ਫੜ ਕੇਦ ਲਿਆ ਅਤੇ ਉਸਦੇ ਨੱਕ ਵਿੱਚ ਮੇਖ ਪਾ ਦਿੱਤੀ - ਜਨਾਨੀ ਕੱਪੜੇ ਪਹਿਨੇ ਅਤੇ ਉਸਦਾ ਮੂੰਹ ਕਾਲਾ ਕਰ ਦਿੱਤਾ ਅਤੇ ਅੱਖਾਂ ਤੋੜ ਕੇ ਅਤੇ ਜੀਭ ਕੱਟ ਕੇ - ਪਾੜ ਕੇ ਦਿੱਲੀ ਦੇ ਦੁਆਲੇ ਘੁੰਮਿਆ। ਛਾਤੀ - ਦਿਲ ਨੂੰ ਕੱਟਣਾ ਅਤੇ ਉਸਦੇ ਮੂੰਹ ਵਿੱਚ ਪਾਉਣਾ - ਪੁੰਜ ਨੂੰ ਕੱਟਣ, ਅੰਗ ਕੱਟਣ ਅਤੇ ਗਲਾ ਘੁੱਟਣ ਤੋਂ ਬਾਅਦ, ਉਸ ਨੂੰ ਵੂਚੜੀ ਤਰੀਕੇ ਨਾਲ ਮਾਰੀਆ ਗਿਆ।ਅਤੇ ਮੁਗਲ ਸਾਮਰਾਜ ਨੂੰ ਹਿੰਦੂ ਰਾਜਸ਼ਾਹੀ ਮਰਾਠਾ ਰਾਜ ਅਧੀਨ ਲੈ ਲਿਆ। ਅਤੇ ਦਿੱਲੀ ਦਾ ਹਰ ਮੁਗਲ ਬਾਦਸ਼ਾਹ ਹਿੰਦੂ ਰਾਜਸ਼ਾਹੀ ਮਰਾਠਾ ਹਿੰਦੂਰਾਜ ਦੇ ਅਨੁਸਾਰ ਤਖਤ ਤੇ ਬੈਠਦਾ ਸੀ ਅਤੇ ਸਾਲਾਨਾ ਸਰਦੇਸਮੁਖੀ ਅਤੇ ਚੌਥ, ਹਿੰਦੂ ਰਾਜਸ਼ਾਹੀ ਮਰਾਠਾ ਹਿੰਦੂਰਾਜ ਨੂੰ ਦਿੱਤਾ।

ਸਰਹਿੰਦ ਓਰਥੋਪੇਡਿਕ ਮਲਟੀਸਪੇਸ਼ਲਿਟੀ ਮੈਡੀਕਲ ਸੈਂਟਰ
SCO 22, SECTOR 33-D, CHANDIGARH. Ph: 0172-4372472 M: 99155 61211. DR. RAJINDER SHARMA

11-May-PAGE-4.qxd 5/10/2024 9:40 PM Page 1



# ਭਰਮ ਫੈਲਾਊ ਅੰਕੜੇ

*ਪਹਿਲਾਂ ਤੋਂ ਹੀ ਧਰੁਵੀਕਰਨ ਦੀ ਮਾਰ ਸਹਿ ਰਹੇ ਦੇਸ਼ ਵਿੱਚ ਹੁਣ ਇੱਕ ਜਨਸੰਖਿਆ ਅੰਕੜਿਆਂ ਰਾਹੀਂ ਘੱਟਗਿਣਤੀਆਂ ਵਿਰੁੱਧ ਭਰਮ ਫੈਲਾਇਆ ਗਿਆ ਹੈ।*

*ਜਨਸੰਖਿਆ ਬਾਰੇ ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ 1950 ਤੋਂ 2015 ਤੱਕ ਭਾਰਤ ਵਿੱਚ ਅਬਾਦੀ ਦੀ ਹਿੱਸੇਦਾਰੀ ਵਿੱਚ ਹਿੰਦੂ ਅਬਾਦੀ ਘਟੀ ਹੈ ਜਦੋਂ ਕਿ ਮੁਸਲਮਾਨਾਂ, ਇਸਾਈਆਂ ਤੇ ਸਿੱਖਾਂ ਦੀ ਅਬਾਦੀ ਵਧੀ ਹੈ।*

*ਇਸ ਰਿਪੋਰਟ ਅਨੁਸਾਰ ਹਿੰਦੂਆਂ ਦੀ ਅਬਾਦੀ ਵਿੱਚ 7.82 ਫ਼ੀਸਦੀ ਗਿਰਾਵਟ ਹੋਈ, ਜਦੋਂ ਕਿ ਮੁਸਲਮਾਨਾਂ ਦੀ ਅਬਾਦੀ ਵਿੱਚ 9.84 ਫ਼ੀਸਦੀ ਦਾ ਵਾਧਾ ਹੋ ਕੇ ਉਹ 14.09 ਫ਼ੀਸਦੀ ਹੋ ਗਈ ਹੈ। ਇਸੇ ਤਰ੍ਹਾਂ ਇਸਾਈਆਂ ਦੀ ਅਬਾਦੀ 2.24 ਫ਼ੀਸਦੀ ਤੋਂ ਵਧ ਕੇ 2.36 ਫ਼ੀਸਦੀ, ਸਿੱਖਾਂ ਦੀ 1.24 ਫ਼ੀਸਦੀ ਤੋਂ ਵਧ ਕੇ 1.85 ਫੀਸਦੀ ਤੇ ਬੋਧੀਆਂ ਦੀ 0.05 ਫ਼ੀਸਦੀ ਤੋਂ ਵਧ ਕੇ 0.81 ਫ਼ੀਸਦੀ ਹੋ ਗਈ ਹੈ।*

*ਇਸੇ ਦੌਰਾਨ ਪਾਪੂਲੇਸ਼ਨ ਫਾਊਂਡੇਸ਼ਨ ਆਫ਼ ਇੰਡੀਆ ਨੇ ਕਿਹਾ ਹੈ ਕਿ ਇਸ ਅਧੂਰੀ ਰਿਪੋਰਟ ਨਾਲ ਲੋਕਾਂ ਵਿੱਚ ਗਲਤ ਸੰਦੇਸ਼ ਜਾ ਰਿਹਾ ਹੈ। ਉਸ ਨੇ ਕਿਹਾ ਹੈ ਕਿ ਅਸਲੀਅਤ ਇਹ ਹੈ ਕਿ ਪਿਛਲੇ ਸਮੇਂ ਦੌਰਾਨ ਸਭ ਧਾਰਮਿਕ ਸਮੂਹਾਂ ਵਿੱਚ ਜਣੇਪਾ ਦਰ ਘਟ ਰਹੀ ਹੈ। ਉਸ ਨੇ ਕਿਹਾ ਹੈ ਕਿ ਜਣੇਪਾ ਦਰ ਵਿੱਚ ਸਭ ਤੋਂ ਵੱਧ ਗਿਰਾਵਟ ਮੁਸਲਮਾਨਾਂ ਵਿੱਚ ਆਈ ਹੈ।*

*ਪਾਪੂਲੇਸ਼ਨ ਫਾਊਂਡੇਸ਼ਨ ਮੁਤਾਬਕ 2005-06 ਤੋਂ 2019-21 ਤੱਕ ਮੁਸਲਮਾਨਾਂ ਅੰਦਰ ਜਣੇਪਾ ਦਰ 1 ਫ਼ੀਸਦੀ ਘਟੀ, ਜਦੋਂ ਕਿ ਹਿੰਦੂਆਂ ਵਿੱਚ ਇਹ 0.7 ਫ਼ੀਸਦੀ ਘਟੀ ਹੈ।*

*ਮੁਸਲਮਾਨਾਂ ਵੱਲੋਂ ਅਬਾਦੀ ਵਧਾਉਣ ਦੇ ਉਠ ਰਹੇ ਸਵਾਲਾਂ ਬਾਰੇ ਦੁਨੀਆ ਦੀ ਮੰਨੀ-ਪ੍ਰਮੰਨੀ ਸੰਸਥਾ ਨਿਊ ਰਿਸਰਚ ਸੈਂਟਰ ਨੇ ਇਕ ਵਿਸ਼ਲੇਸ਼ਣ ਰਾਹੀਂ ਦੱਸਿਆ ਹੈ ਕਿ ਜਨਸੰਖਿਆ ਦੇ ਵਾਧੇ ਦਾ ਸੰਬੰਧ ਧਰਮ ਜਾਂ ਜਾਤੀ ਨਾਲ ਨਾ ਹੋ ਕੇ ਗਰੀਬੀ ਤੇ ਅਨਪੜ੍ਹਤਾ ਨਾਲ ਹੈ।*

*ਨਿਊ ਰਿਸਰਚ ਸੈਂਟਰ ਨੇ ਭਾਰਤ ਦੀ ਮਰਦਮ-ਸ਼ੁਮਾਰੀ ਤੇ ਕੌਮੀ ਪਰਵਾਰ ਸਿਹਤ ਸਰਵੇਖਣ ਦੇ ਅੰਕੜਿਆਂ ਰਾਹੀਂ ਜਣੇਪਾ ਦਰ ਬਾਰੇ ਇੱਕ ਖੋਜ ਰਿਪੋਰਟ ਤਿਆਰ ਕੀਤੀ ਸੀ। ਜਣੇਪਾ ਦਰ ਦਾ ਮਤਲਬ ਇਹ ਹੁੰਦਾ ਹੈ ਕਿ ਹਰ ਜੋੜਾ ਆਪਣੀ ਜ਼ਿੰਦਗੀ ਦੌਰਾਨ ਔਸਤਨ ਕਿੰਨੇ ਬੱਚੇ ਪੈਦਾ ਕਰਦਾ ਹੈ। ਜਣੇਪਾ ਦਰ ਜੇਕਰ 2.1 ਰਹੇ ਤਾਂ ਉਸ ਦੇਸ਼ ਦੀ ਅਬਾਦੀ ਸਥਿਰ ਰਹਿੰਦੀ ਹੈ, ਯਾਨੀ ਨਾ ਘਟਦੀ, ਨਾ ਵਧਦੀ ਹੈ। ਇਸ ਸਮੇਂ ਭਾਰਤ ਵਿੱਚ ਜਣੇਪਾ ਦਰ 2.2 ਹੈ। ਇਸ ਵਿੱਚ ਮੁਸਲਮਾਨਾਂ ਅੰਦਰ ਜਣੇਪਾ ਦਰ 2.6 ਤੇ ਹਿੰਦੂਆਂ ਵਿੱਚ 2.1 ਹੈ। ਇਸ ਮੁਤਾਬਕ ਸਿਰਫ਼ ਥੋੜ੍ਹਾ ਫ਼ਰਕ ਹੀ ਹੈ। ਖਾਸ ਗੱਲ ਇਹ ਹੈ ਕਿ ਬੀਤੇ ਦਹਾਕੇ ਦੌਰਾਨ ਮੁਸਲਮਾਨਾਂ ਵਿੱਚ ਜਣੇਪਾ ਦਰ ਤੇਜ਼ੀ ਨਾਲ ਘਟੀ ਹੈ।*

*ਨਿਊ ਰਿਸਰਚ ਦੇ ਅੰਕੜਿਆਂ ਮੁਤਾਬਕ 1992 ਵਿੱਚ ਮੁਸਲਮਾਨਾਂ ਵਿੱਚ ਜਣੇਪਾ ਦਰ 4.4 ਸੀ, ਜੋ 2015 ਦੀ ਮਰਦਮ-ਸ਼ੁਮਾਰੀ ਸਮੇਂ 2.6 ਰਹਿ ਗਈ ਸੀ। ਜਦੋਂ ਕਿ ਹਿੰਦੂਆਂ ਵਿੱਚ ਇਸ ਦੌਰਾਨ 3.3 ਤੋਂ ਘਟ ਕੇ 2.1 ਰਹਿ ਗਈ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮੱਧ ਭਾਰਤ ਵਿੱਚ ਵੱਧ ਬੱਚੇ ਪੈਦਾ ਹੁੰਦੇ ਹਨ। ਇਸ ਮੁਤਾਬਕ ਬਿਹਾਰ ਵਿੱਚ ਜਣੇਪਾ ਦਰ 3.4 ਤੇ ਯੂ ਪੀ ਵਿੱਚ 2.7 ਹੈ, ਜਦੋਂ ਕਿ ਤਾਮਿਲਨਾਡੂ ਵਿੱਚ 1.7 ਤੇ ਕੇਰਲਾ ਵਿੱਚ 1.6 ਹੈ। ਇਸ ਦਾ ਕਾਰਨ ਬਿਹਾਰ ਤੇ ਯੂ ਪੀ ਵਿੱਚ ਗਰੀਬੀ ਤੇ ਅਨਪੜ੍ਹਤਾ ਦਾ ਹੋਣਾ ਹੈ।*

*ਹਿਮਾਚਲ ਵਿੱਚ 2019-20 ਵਿੱਚ ਮੁਸਲਮਾਨਾਂ ਤੇ ਹਿੰਦੂਆਂ ਅੰਦਰ ਜਣੇਪਾ ਦਰ ਬਰਾਬਰ 1.7 ਸੀ, ਜਦੋਂ ਕਿ 2015-16 ਵਿੱਚ ਹਿੰਦੂਆਂ ਅੰਦਰ ਇਹ 2 ਤੇ ਮੁਸਲਮਾਨਾਂ ਵਿੱਚ 2.5 ਸੀ। ਇਸ ਤੋਂ ਸਾਫ਼ ਹੈ ਕਿ ਮੁਸਲਮਾਨਾਂ ਅੰਦਰ ਅਬਾਦੀ ਦੇ ਵਾਧੇ ਸੰਬੰਧੀ ਜਾਗਰੂਕਤਾ ਵਧੀ ਹੈ।*

*ਚੋਣਾਂ ਦੇ ਮੌਕੇ ਸਰਕਾਰ ਵੱਲੋਂ ਅਜਿਹੀਆਂ ਰਿਪੋਰਟਾਂ ਜਾਰੀ ਕਰਨਾ ਉਸ ਦੀ ਹਾਰਨ ਦੇ ਡਰ ਤੋਂ ਪੈਦਾ ਹੋ ਰਹੀ ਬੁਖਲਾਹਟ ਹੈ।*

# ਮੋਦੀ ਲਈ 'ਵਾਟਰਲੂ' ਸਾਬਤ ਹੋ ਸਕਦੀਆਂ ਹਨ ਇਹ ਚੋਣਾਂ



ਹਰਜਿੰਦਰ ਸਿੰਘ ਗੁਲਪੁਰ

ਚੋਣਾਂ ਦਾ ਐਲਾਨ ਹੋਣ ਤੋਂ ਪਹਿਲਾਂ ਨਰਿੰਦਰ ਮੋਦੀ ਨੂੰ ਭਰੋਸਾ ਸੀ ਕਿ ਉਹ ਤੀਜੀ ਵਾਰ ਵੀ ਆਰਾਮ ਨਾਲ ਇਹ ਚੋਣਾਂ ਜਿੱਤ ਲਵੇਗਾ। ਇਸ ਜਿੱਤ ਨਾਲ ਹੈਟਟਰਿਕ ਬਣਾ ਕੇ ਉਹ ਮਰਹੂਮ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਬਰਾਬਰੀ ਕਰਨ ਦਾ ਸੁਪਨਾ ਪੂਰਾ ਕਰ ਲਵੇਗਾ। ਵਿਰੋਧੀ ਧਿਰਾਂ ਦੇ ਇੱਕ-ਦੂਜੇ ਨਾਲ ਅਣਸੁਖਾਵੇਂ ਸਬੰਧਾਂ ਨੂੰ ਲੈ ਕੇ ਆਮ ਲੋਕਾਂ ਨੂੰ ਵੀ ਲਗਦਾ ਸੀ ਕਿ ਇਸ ਵਾਰ ਫੇਰ ਭਾਜਪਾ ਦੀ ਸੱਤਾ ਅੰਦਰ ਵਾਪਸੀ ਹੋ ਜਾਵੇਗੀ । ਇਹ ਚੋਣਾਂ ਇੱਕਤਰਫਾ ਲਗਦੀਆਂ ਸਨ । ਇਸ ਦੇ ਬਹੁਤ ਸਾਰੇ ਠੋਸ ਕਾਰਨ ਵੀ ਸਨ । ਸਭ ਤੋਂ ਵੱਡਾ ਕਾਰਨ ਭਾਜਪਾ ਵਿਰੋਧੀ ਵੋਟਾਂ ਦਾ ਇਕ ਛਤਰੀ ਹੇਠ ਇਕੱਠੇ ਨਾ ਹੋਣਾ ਸੀ । ਭਾਜਪਾ ਇਸ ਵਾਰ ਰਾਮ ਮੰਦਰ ਵਿਚ ਮੂਰਤੀ ਸਥਾਪਨਾ ਨੂੰ ਮੁੱਖ ਚੋਣ ਮੁੱਦਾ ਬਣਾਉਣਾ ਚਾਹੁੰਦੀ ਸੀ । ਉਸ ਨੂੰ ਲਗਦਾ ਸੀ ਕਿ ਇਸ ਮੁੱਦੇ ਦੇ ਹੁੰਦਿਆਂ ਕਿਸੇ ਹੋਰ ਮੁੱਦੇ ਦੀ ਲੋੜ ਨਹੀਂ ਪਵੇਗੀ । ਇਸ ਲਈ ਸਮਾਂ ਸਾਰਣੀ ਬੜਾ ਸੋਚ-ਸਮਝ ਕੇ ਤਿਆਰ ਕੀਤੀ ਗਈ ਸੀ । ਇਹਨਾਂ ਚੋਣਾਂ ਵਿਚ ਮੋਦੀ ਹੀ ਭਾਜਪਾ ਦਾ ਮੁੱਖ ਚਿਹਰਾ ਸੀ। ਖੁਦ ਦੀ ਸਰਕਾਰ ਹੋਣ ਕਰਕੇ ਉਸ ਨੂੰ ਚੋਣਾਂ ਦੇ ਐਲਾਨ ਹੋਣ ਦੀ ਤਰੀਕ ਦਾ ਇਲਮ ਸੀ । ਇਸ ਲਈ ਚੋਣਾਂ ਤੋਂ ਐਨ ਪਹਿਲਾਂ ਯਾਨਿ 22 ਜਨਵਰੀ ਨੂੰ ਮੂਰਤੀ ਸਥਾਪਤ ਕਰਨ ਦੀ ਤਰੀਕ ਕਈ ਮਹੀਨੇ ਪਹਿਲਾਂ ਨਿਰਧਾਰਤ ਕਰ ਦਿੱਤੀ ਗਈ ਸੀ । ਸਰਕਾਰੀ ਤੰਤਰ ਅਤੇ ਪਾਰਟੀ ਸੰਗਠਨ ਰਾਹੀਂ ਇਸ ਦਾ ਵਿਸ਼ਵ-ਵਿਆਪੀ ਪਰਚਾਰ ਕੀਤਾ ਜਾਣ ਲੱਗ ਪਿਆ। ਭਾਜਪਾ ਤੋਂ ਬਿਨਾਂ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਰਾਮ ਵਿਰੋਧੀ ਹੋਣ ਦੇ ਫਤਵੇ ਜਾਰੀ ਕੀਤੇ ਗਏ, ਪਰ 22 ਜਨਵਰੀ ਆਉਂਦੇ-ਆਉਂਦੇ ਰੰਗ ਵਿਚ ਭੰਗ ਪੈਣਾ ਸ਼ੁਰੂ ਹੋ ਗਿਆ। ਹਿੰਦੂ ਧਰਮ ਨਾਲ ਸੰਬੰਧਿਤ ਚਾਰ ਪੀਠਾਂ ਦੇ ਸ਼ੰਕਰਾਚਾਰੀਆਂ ਨੇ ਮੂਰਤੀ ਸਥਾਪਨਾ ਸਮੇਂ ਆਉਣ ਤੋਂ ਇਨਕਾਰ ਕਰ ਦਿੱਤਾ। ਉਹਨਾਂ ਦਾ ਮੰਨਣਾ ਸੀ ਕਿ ਰਾਮ ਮੰਦਰ ਅਜੇ ਪੂਰੀ ਤਰ੍ਹਾਂ ਤਿਆਰ ਨਹੀਂ ਹੋਇਆ, ਇਸ ਲਈ ਅਧੂਰੇ ਮੰਦਰ ਵਿਚ ਮੂਰਤੀ ਸਥਾਪਨਾ ਕਰਨਾ ਉਚਿਤ ਨਹੀਂ । ਇਸ ਲਈ ਉਹਨਾਂ ਵੱਲੋਂ ਧਰਮ ਸ਼ਾਸਤਰਾਂ ਦੇ ਹਵਾਲੇ ਦਿੱਤੇ ਗਏ । ਨਰਿੰਦਰ ਮੋਦੀ ਵੱਲੋਂ ਉਹਨਾਂ ਦੀਆਂ ਸਾਰੀਆਂ ਦਲੀਲਾਂ ਨੂੰ ਦਰ-ਕਿਨਾਰ ਕਰ ਕੇ ਮੂਰਤੀ ਸਥਾਪਨਾ ਕਰ ਦਿੱਤੀ ਗਈ । ਆਮ ਲੋਕਾਂ ਨੂੰ ਸ਼ੰਕਰਾਚਾਰੀਆਂ ਦੀਆਂ ਦਲੀਲਾਂ ਵਿੱਚ ਵਜ਼ਨ ਲੱਗਾ। ਉਹਨਾਂ ਨੂੰ ਲਗਾ ਕਿ ਰਾਮ ਮੰਦਰ ਦੇ ਨਾਂਅ ਹੇਠ ਰਾਜਨੀਤੀ ਹੋ ਰਹੀ ਹੈ। ਇਸ ਲਈ ਚੋਣਾਂ ਦਾ ਐਲਾਨ ਹੋਣ ਤੋਂ ਪਹਲਾਂ ਹੀ ਇਹ ਮੁੱਦਾ ਹਵਾ-ਹਵਾਈ ਹੋ ਗਿਆ । ਚੋਣਾਂ ਸ਼ਡਿਊਲ ਦੇਖ ਕੇ ਲੋਕ ਹੈਰਾਨ ਰਹਿ ਗਏ। ਚੋਣਾਂ ਦੇ ਇਤਿਹਾਸ ਵਿਚ ਇਹ ਸਭ ਤੋਂ ਲੰਮਾ ਸਮਾਂ ਹੈ । ਲੰਮਾ ਸਮਾਂ ਚੋਣਾਂ ਖਿੱਚਣ ਦੀ ਜਿਹੜੀ ਚਲਾਕੀ ਮੋਦੀ ਨੇ ਕੀਤੀ ਸੀ, ਉਹ ਭਾਜਪਾ ਦੇ ਗਲੇ ਦੀ ਹੱਡੀ ਬਣਦੀ ਜਾ ਰਹੀ ਹੈ। ਪਹਿਲੇ,ਦੂਜੇ ਗੇੜ ਦੀਆਂ ਚੋਣਾਂ ਵਿੱਚ ਜਿਸ ਤਰਾਂ ਵੋਟ ਪ੍ਰਤੀਸ਼ਤਤਾ ਘਟੀ ਹੈ, ਉਸ ਨੇ ਭਾਜਪਾ ਦੇ ਪੈਰਾਂ ਥੱਲਿਓ ਜ਼ਮੀਨ ਖਿਸਕਾ ਦਿੱਤੀ ਹੈ। ਵੋਟ ਪੈਟਰਨ ਨੇ ਸਾਫ ਕਰ ਦਿੱਤਾ ਹੈ ਕਿ ਭਾਜਪਾ ਦੇ ਹੱਕ ਵਿੱਚ ਕਿਸੇ ਕਿਸਮ ਦੀ ਕੋਈ ਵੀ ਲਹਿਰ ਨਹੀਂ । ਉਲਟਾ ਦਿਨ-ਬ-ਦਿਨ ਭਾਜਪਾ ਖਿਲਫ ਲੋਕ ਰੋਹ ਵਧਦਾ ਜਾ ਰਿਹਾ ਹੈ । ਭਾਜਪਾ ਦੀ ਹਰ ਚਾਲ ਉਲਟੀ ਪੈਂਦੀ ਦਿਖਾਈ ਦੇ ਰਹੀ ਹੈ । ਕਾਂਗਰਸ ਦੇ ਚੋਣ ਘੋਸ਼ਣਾ ਪੱਤਰ ਨੇ ਤਾਂ ਮੋਦੀ ਨੂੰ ਹਿਲਾ ਕੇ ਰੱਖ ਦਿੱਤਾ ਹੈ । ਆਪਣੇ ਚੋਣ ਮਨੋਰਥ ਪੱਤਰ ਦੀ ਗੱਲ ਕਰਨ ਦੀ ਥਾਂ ਉਸ ਨੇ ਕਾਂਗਰਸ ਦੇ ਚੋਣ ਮਨੋਰਥ ਵਾਰੇ ਨਿਰਾ ਝੂਠ ਬੋਲਣਾ ਸ਼ੁਰੂ ਕਰ ਦਿੱਤਾ । ਲੋਕਾਂ



ਨੇ ਮੋਦੀ ਦੇ ਭਾਸ਼ਣਾਂ ਨੂੰ ਗੰਭੀਰਤਾ ਨਾਲ ਲੈਣਾ ਇੱਕ ਤਰਾਂ ਨਾਲ ਛੱਡ ਦਿੱਤਾ ਹੈ।ਮੋਦੀ ਵੱਲੋਂ ਆਏ ਦਿਨ ਮੁੱਦੇ ਬਦਲੇ ਜਾ ਰਹੇ ਹਨ । ਜਿਸ ਤਰਾਂ ਦੀ ਘਟੀਆ ਬਿਆਨਬਾਜ਼ੀ ਨਰਿੰਦਰ ਮੋਦੀ ਵੱਲੋਂ ਕੀਤੀ ਜਾ ਰਹੀ ਹੈ, ਉਹ ਪੀ ਐੱਮ ਦੇ ਅਹੁਦੇ ਨਾਲ ਮੇਲ ਨਹੀਂ ਖਾਂਦੀ । ਦੇਸ਼ ਦੁਨੀਆ ਵਿਚ ਇਹਨਾਂ ਬਿਆਨਾਂ ਦੀ ਜੰਮ ਕੇ ਆਲੋਚਨਾ ਹੋ ਰਹੀ ਹੈ । ਸਾਬਕਾ ਪ੍ਰਧਾਨ ਮੰਤਰੀ ਦੇਵਗੌੜਾ ਦੇ ਸਾਂਸਦ ਪੋਤਰੇ ਪਰਜਵਲ ਰੇਵੰਨਾ ਦੀ ਜਿਹੜੀ ਕਰਤੂਤ ਸਾਹਮਣੇ ਆਈ ਹੈ, ਉਸ ਨੇ ਤਾਂ ਭਾਜਪਾ ਦਾ ਹੋਰ ਵੀ ਜਲੂਸ ਕੱਢ ਦਿੱਤਾ ਹੈ । ਇਸ ਸ਼ਰਮਨਾਕ ਕਾਂਡ ਨੂੰ ਦੇਸ਼ ਦਾ ਹੁਣ ਤੱਕ ਦਾ ਸਭ ਤੋਂ ਵਡਾ ਸੈਕਸ ਸਕੈਂਡਲ ਦੱਸਿਆ ਜਾ ਰਿਹਾ ਹੈ ।ਕਰਨਾਟਕ ਦੀ ਕਾਂਗਰਸ ਸਰਕਾਰ ਨੇ ਇਸ ਦੀ ਜਾਂਚ ਲਈ ਸਿੱਟ ਦਾ ਗਠਨ ਕੀਤਾ ਹੈ । ਪੈਨ ਡਰਾਈਵ ਸਾਹਮਣੇ ਆਉਣ ਦੌਰਾਨ ਰੇਵੰਨਾ ਜਰਮਨ ਦੌੜ ਗਿਆ, ਜਿਸ ਦੇ ਫਰੈਂਕਰਟ ਵਿੱਚ ਹੋਣ ਦੇ ਚਰਚੇ ਹਨ । ਪਰਜਵਲ ਰੇਵੰਨਾ ਇਸ ਵਾਰ ਵੀ ਹਾਸਨ ਲੋਕ ਸਭਾ ਹਲਕੇ ਤੋਂ ਭਾਜਪਾ- ਜੇ ਡੀ ਐੱਸ ਗਠਜੋੜ ਦਾ ਉਮੀਦਵਾਰ ਬਣਾਇਆ ਗਿਆ ਹੈ । ਨਰਿੰਦਰ ਮੋਦੀ ਨੇ ਉਸ ਲਈ ਬਕਾਇਦਾ ਚੋਣ ਪਰਚਾਰ ਕੀਤਾ ਹੈ । ਉਸ ਨਾਲ ਮੋਦੀ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹਨ । ਹੈਰਾਨੀ ਦੀ ਗੱਲ ਹੈ ਕਿ ਮੇਨ ਸਟਰੀਮ ਮੀਡੀਆ ਇਸ ਮਾਮਲੇ 'ਤੇ ਪੂਰੀ ਤਰਾਂ ਚੁੱਪ ਹੈ ।

ਇਸੇ ਦੌਰਾਨ ਕੋਰੋਨਾ-19 ਦੀ ਰੋਕਥਾਮ ਲਈ ਜਿਸ ਕੋਵੀਸ਼ੀਲਡ ਵੈਕਸਿਨ ਦੇ ਟੀਕੇ ਲਗਾਏ ਸਨ, ਉਹ ਵੀ ਪ੍ਰਸ਼ਨਾਂ ਦੇ ਘੇਰੇ ਵਿੱਚ ਆ ਗਈ ਹੈ । ਪਹਿਲਾਂ ਹੀ ਇਸ ਦਵਾਈ ਨੂੰ ਬਣਾਉਣ ਵਾਲੀ ਕੰਪਨੀ ਉੱਤੇ ਬਾਂਡ ਖਰੀਦ ਕੇ ਭਾਜਪਾ ਨੂੰ ਦੇਣ ਦੇ ਦੋਸ਼ ਲਗਾਏ ਜਾ ਰਹੇ ਹਨ। ਅਸਲ ਵਿੱਚ ਇਸ ਦਵਾਈ ਨਾਲ ਹੋਣ ਵਾਲੇ ਨੁਕਸਾਨਾਂ ਦਾ ਪਤਾ ਉਦੋਂ ਲੱਗਿਆ, ਜਦੋਂ 'ਸੀਰਮ ਇੰਸਟੀਚਿਊਟ ਆਫ ਇੰਡੀਆ' ਦੀ ਜੋਟੀਦਾਰ ਬ੍ਰਿਟਿਸ਼ ਕੰਪਨੀ ਐਸਟਰਾਜੈਨਿਕ ਨੇ ਬ੍ਰਿਟਿਸ਼ ਦੀ ਅਦਾਲਤ ਵਿੱਚ ਮੰਨਿਆ ਕਿ ਇਸ ਟੀਕੇ ਨਾਲ ਨਾੜੀਆਂ ਵਿੱਚ ਖ਼ੂਨ ਜੰਮਣ ਅਤੇ ਬਰੇਨ ਹੈਮਰਿਜ ਵਰਗੇ ਨੁਕਸਾਨ ਹੋ ਸਕਦੇ ਹਨ । ਐਸਟਰਾਜੈਨਿਕ ਨੂੰ ਹੀ ਭਾਰਤ ਵਿਚ ਕੋਵੀਸ਼ੀਲਡ ਕਿਹਾ ਜਾਂਦਾ ਹੈ । ਮੀਡੀਆ ਰਿਪੋਰਟਾਂ ਅਨੁਸਾਰ ਭਾਰਤ ਵਿੱਚ ਟੀਕਾ ਲਵਾਉਣ ਤੋਂ ਬਾਅਦ ਸੈਂਕੜੇ ਵਿਅਕਤੀਆਂ ਦੀਆਂ ਨਾੜੀਆਂ ਵਿੱਚ ਖ਼ੂਨ ਜੰਮਣ ਅਤੇ ਬਰੇਨ ਹੈਮਰਿਜ ਨਾਲ ਮੌਤ ਹੋ ਚੁੱਕੀ ਹੈ । ਵਿਰੋਧੀ ਧਿਰਾਂ ਵੱਲੋਂ ਇਸ ਮੁੱਦੇ ਨੂੰ ਵੀ ਨਰਿੰਦਰ ਮੋਦੀ ਖਿਲਾਫ ਉਛਾਲਿਆ ਜਾ ਰਿਹਾ ਹੈ । ਨਰਿੰਦਰ ਮੋਦੀ ਦੇ ਭਾਸ਼ਣਾਂ ਵਿੱਚ ਪਹਿਲਾਂ ਵਾਲਾ ਕਰੰਟ ਨਹੀਂ ਰਿਹਾ, ਜਿਸ ਤੇਜ਼ੀ ਨਾਲ ਭਾਜਪਾ ਨੇ ਚੋਣ ਮੁਹਿੰਮ ਸ਼ੁਰੂ ਕੀਤੀ ਸੀ, ਹੌਲੀ-ਹੌਲੀ ਉਹ ਤੇਜ਼ੀ ਮੰਦੀ ਪੈਂਦੀ ਜਾ ਰਹੀ ਹੈ । ਦੂਜੇ ਪਾਸੇ ਰਾਹੁਲ ਗਾਂਧੀ ਸਮੇਤ ਸਾਰੇ ਵਿਰੋਧੀਆਂ ਦਾ ਹਮਲਾਵਰ ਰੁਖ ਹੋਰ ਵੀ ਤੇਜ਼ ਹੁੰਦਾ ਜਾ ਰਿਹਾ ਹੈ । ਮੋਦੀ ਵੱਲੋਂ 400 ਪਾਰ ਦੇ ਜਿਸ ਹੋਕੇ ਨਾਲ ਪਰਚਾਰ ਸ਼ੁਰੂ ਕੀਤਾ ਗਿਆ ਸੀ, ਉਹ ਹੋਕਾ ਹੁਣ ਕਿਸੇ ਪਾਸੇ ਸੁਣਾਈ ਨਹੀਂ ਦਿੰਦਾ। ਭਾਜਪਾ ਆਗੂਆਂ ਦੇ ਸੰਵਿਧਾਨ ਨੂੰ ਬਦਲਣ ਵਾਲੇ ਬਿਆਨਾਂ ਨੇ ਆਮ ਲੋਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ ।

ਮੋਦੀ ਵੱਲੋਂ ਇਹ ਚੋਣਾਂ 'ਕਰੋ ਜਾ ਮਰੋ'ਦੀ ਭਾਵਨਾ ਨਾਲ ਲੜੀਆਂ ਜਾ ਰਹੀਆਂ ਹਨ, ਪਰ ਉਸ ਲਈ ਮੁਸ਼ਕਿਲ ਇਹ ਹੈ ਕਿ ਉਸ ਨੂੰ ਪੂਰੇ ਦੇਸ਼ ਵਿਚ ਘੁੰਮਣਾ ਪੈ ਰਿਹਾ ਹੈ । ਹੋਰ ਕੋਈ ਵੀ ਭਾਜਪਾ ਨੇਤਾ ਅਜਿਹਾ ਨਹੀਂ, ਜੋ ਸਰੋਤਿਆਂ ਨੂੰ ਖਿੱਚਣ ਦੀ ਸਮਰਥਾ ਰੱਖਦਾ ਹੋਵੇ । ਇਸ ਲਈ ਉਸ ਦੀ ਬਾਡੀ ਲੈਂਗੂਏਜ ਵਿਚੋਂ ਥਕਾਵਟ ਦੀ ਝਲਕ ਪੈਣ ਲੱਗ ਪਈ ਹੈ। ਦੂਜੇ ਪਾਸੇ ਇੰਡੀਆ ਅਲਾਇੰਸ ਕੋਲ ਦਰਜਨਾਂ ਬੁਲਾਰੇ ਹਨ, ਜਿਹਨਾਂ ਆਪੋ-ਆਪਣੇ ਖੇਤਰ ਬਾਖੂਬੀ ਸੰਭਾਲੇ ਹੋਏ ਹਨ। ਮੋਦੀ ਵੱਲੋਂ ਕੇਂਦਰੀ ਏਜੰਸੀਆਂ ਸਮੇਤ ਚੋਣ ਕਮਿਸ਼ਨ ਦੀ ਕੀਤੀ ਜਾ ਰਹੀ ਦੁਰਵਰਤੋਂ ਨੇ ਵੀ ਲੋਕਾਂ ਅੰਦਰ ਉਸ ਖਿਲਾਫ ਨਰਾਜ਼ਗੀ ਪੈਦਾ ਕੀਤੀ ਹੈ । ਇਸ ਤਰਾਂ ਲੱਗਦਾ ਹੈ ਕਿ ਨਰਿੰਦਰ ਮੋਦੀ ਦੀ ਇਹ ਆਖਰੀ ਲੜਾਈ ਹੈ । ਹਾਸ਼ੀਏ ਵੱਲ ਧੱਕੇ ਗਏ ਸੀਨੀਅਰ ਭਾਜਪਾ ਆਗੂ ਵੀ ਨਹੀਂ ਚਾਹੁੰਦੇ ਕਿ ਨਰਿੰਦਰ ਮੋਦੀ ਇੱਕ ਵਾਰ ਫੇਰ ਪ੍ਰਧਾਨ ਮੰਤਰੀ ਬਣੇ । ਉਹਨਾਂ ਵੱਲੋਂ ਘਾਗ ਸਿਆਸਤਦਾਨਾਂ ਵਾਂਗ ਢੁਕਵੇਂ ਸਮੇਂ ਦੀ ਉਡੀਕ ਕੀਤੀ ਜਾ ਰਹੀ ਹੈ, ਕਿਉਂਕਿ ਉਹਨਾਂ ਨੇ ਵੀ ਮੋਦੀ ਨਾਲ ਕਈ ਹਿਸਾਬ-ਕਿਤਾਬ ਕਰਨੇ ਹਨ ।

*# ਸੰਪਰਕ : 79735-01892*

# ਵਾਤਾਵਰਨ ਪ੍ਰਦੂਸ਼ਣ ਗੰਭੀਰ ਚੁਣੌਤੀ



ਨਰਿੰਦਰ ਸਿੰਘ

ਪ੍ਰਦੂਸ਼ਣ ਅੱਜ ਦੇ ਯੁੱਗ ਦੀ ਸਭ ਤੋਂ ਵੱਡੀ ਸਮੱਸਿਆ ਹੈ। ਜਿਵੇਂ-ਜਿਵੇਂ ਵਿਸ਼ਵ ਦੀ ਆਬਾਦੀ ਵਧ ਰਹੀ ਹੈ। ਤਿਵੇਂ-ਤਿਵੇਂ ਪ੍ਰਦੂਸ਼ਣ ਦੀ ਸਮੱਸਿਆ ਗੰਭੀਰ ਹੁੰਦੀ ਜਾ ਰਹੀ ਹੈ। ਜਦੋਂ ਤੱਕ ਆਬਾਦੀ ਘੱਟ ਸੀ ਅਤੇ ਕੁਦਰਤੀ ਸੋਮੇ ਬਹੁਤੇ ਸਨ। ਉਦੋਂ ਤੱਕ ਪ੍ਰਦੂਸ਼ਣ ਦੀ ਕੋਈ ਸਮੱਸਿਆ ਨਹੀਂ ਸੀ। ਵਧਦੀ ਆਬਾਦੀ ਲਈ ਮਨੁੱਖ ਨੇ ਜੰਗਲਾਂ ਨੂੰ ਕੱਟਣਾ ਸ਼ੁਰੂ ਕਰ ਦਿੱਤਾ। ਹਵਾ ਨੂੰ ਸਾਫ਼ ਕਰਨ ਵਾਲੇ ਰੁੱਖਾਂ ਦੀ ਗਿਣਤੀ ਲਗਾਤਾਰ ਘਟਦੀ ਗਈ। ਕਾਰਖਾਨਿਆਂ ਤੋਂ ਪੈਦਾ ਹੋਣ ਵਾਲੇ ਧੂੰਏਂ ਅਤੇ ਹੋਰ ਰਹਿੰਦ-ਖੂੰਹਦ ਨਾਲ ਵਾਤਾਵਰਨ ਪਲੀਤ ਹੋ ਗਿਆ। ਨਤੀਜੇ ਵਜੋਂ ਵਾਤਾਵਰਨ ਵਿਚ ਅਸੰਤੁਲਨ ਪੈਦਾ ਹੋ ਗਿਆ। ਵਧਦੇ ਪ੍ਰਦੂਸ਼ਣ ਕਾਰਨ ਹੀ ਮੌਸਮਾਂ ਵਿਚ ਵੱਡੀਆਂ ਤਬਦੀਲੀਆਂ ਵੇਖਣ ਨੂੰ ਮਿਲ ਰਹੀਆਂ ਹਨ, ਜਿਸ ਦਾ ਸਿੱਧਾ ਅਸਰ ਫਸਲਾਂ 'ਤੇ ਪੈਂਦਾ ਹੈ।

ਅੱਜ ਪ੍ਰਦੂਸ਼ਣ ਇਕ ਅਜਿਹੀ ਬਿਮਾਰੀ ਬਣ ਕੇ ਉੱਥੇ ਪਹੁੰਚ ਚੁੱਕਿਆ ਹੈ, ਜਿੱਥੇ ਇਨਸਾਨ ਇਸ ਦੀ ਕਲਪਨਾ ਵੀ ਨਹੀਂ ਕਰ ਸਕਦਾ। ਪ੍ਰਦੂਸ਼ਿਤ ਵਾਤਾਵਰਨ ਜਿੱਥੇ ਹੋਰ ਬਿਮਾਰੀਆਂ ਵਿਚ ਲਗਾਤਾਰ ਵਾਧਾ ਕਰ ਰਿਹਾ ਹੈ, ਉੱਥੇ ਹਰ ਸਾਲ ਹੋਣ ਵਾਲੀਆਂ ਲੱਖਾਂ ਮੌਤਾਂ ਦਾ ਕਾਰਨ ਵੀ ਬਣਦਾ ਹੈ। ਧਰਤੀ ਤੋਂ ਹੁੰਦਾ ਹੋਇਆ ਇਹ ਪ੍ਰਦੂਸ਼ਣ ਮਨੁੱਖ ਦੇ ਖ਼ੂਨ ਵਿਚ ਮਾਈਕਰੋ ਪਲਾਸਟਿਕ ਦੇ ਛੋਟੇ-ਛੋਟੇ ਕਣਾਂ ਦੇ ਰੂਪ ਵਿੱਚ ਪਹੁੰਚ ਚੁੱਕਿਆ ਹੈ। ਨੀਦਰਲੈਂਡ ਵਿਚ ਹੋਈ ਇਕ ਰਿਪੋਰਟ ਅਨੁਸਾਰ ਉਹਨਾਂ ਇਨਸਾਨਾਂ ਦੇ ਖ਼ੂਨ ਵਿਚ ਪਲਾਸਟਿਕ ਦੇ ਛੋਟੇ-ਛੋਟੇ ਕਣ ਪਾਏ ਗਏ ਹਨ, ਜੋ ਪਲਾਸਟਿਕ ਦੀ ਬੋਤਲ ਜਾਂ ਡੱਬੇ ਵਿਚ ਖਾਣ-ਪੀਣ ਦਾ ਸਾਮਾਨ ਰੱਖਦੇ ਸਨ। ਵਾਤਾਵਰਨ ਵਿਗਿਆਨ ਦੀ ਇਕ ਰਿਪੋਰਟ ਅਨੁਸਾਰ ਧਰਤੀ 'ਤੇ 2040 ਤੱਕ ਪਲਾਸਟਿਕ 1.3 ਅਰਬ ਟਨ ਹੋ ਜਾਵੇਗਾ। ਸਮੁੰਦਰ ਪਲਾਸਟਿਕ ਨਾਲ ਭਰ ਗਿਆ ਹੈ।

ਪਰਾਲੀ ਦਾ ਸੜਨਾ, ਮੋਟਰ-ਗੱਡੀਆਂ ਅਤੇ ਫੈਕਟਰੀਆਂ ਵਿੱਚੋਂ ਨਿਕਲਦਾ ਧੂੰਆਂ, ਸ਼ੋਰ-ਸ਼ਰਾਬਾ, ਵਹਿੰਦਾ ਗੰਦਾ ਪਾਣੀ, ਪਲਾਸਟਿਕ ਦੀ ਵੱਧ ਵਰਤੋਂ, ਹਵਾ ਵਿਚ ਹਾਨੀਕਾਰਕ ਗੈਸਾਂ, ਧੂੜ, ਮਿੱਟੀ ਆਦਿ ਪ੍ਰਦੂਸ਼ਣ ਵਧਣ ਦੇ ਕਾਰਨ ਹਨ। ਵਿਸ਼ਵ ਹਵਾ ਗੁਣਵੱਤਾ ਰਿਪੋਰਟ ਅਨੁਸਾਰ ਭਾਰਤ ਦਾ ਰੈਂਕ ਪੂਰੇ ਵਿਸ਼ਵ ਵਿਚ 8ਵਾਂ ਹੋ ਗਿਆ ਹੈ। ਸ਼ਹਿਰਾਂ ਵਿਚ ਪ੍ਰਦੂਸ਼ਣ ਦਾ ਵੱਡਾ ਕਾਰਨ ਸੜਕਾਂ 'ਤੇ ਵਧਦੀ ਧੂੜ-ਮਿੱਟੀ ਅਤੇ ਅਸੁਰੱਖਿਅਤ ਨਿਰਮਾਣ ਕਾਰਜ ਹਨ। ਇਕ ਅੰਕੜੇ ਅਨੁਸਾਰ ਦੇਸ਼ ਵਿਚ ਸਨਅਤਾਂ ਤੋਂ ਕਰੀਬ 7 ਫੀਸਦੀ ਪ੍ਰਦੂਸ਼ਣ ਹੁੰਦਾ ਹੈ। ਟਰਾਂਸਪੋਰਟ ਤੋਂ ਕਰੀਬ 10 ਫ਼ੀਸਦੀ ਤੋਂ ਵੱਧ ਪ੍ਰਦੂਸ਼ਣ ਨਹੀਂ ਹੁੰਦਾ। ਸਭ ਤੋਂ ਵੱਡਾ ਖਤਰਾ ਸੜਕਾਂ 'ਤੇ ਪਈ ਧੂੜ ਤੋਂ ਪੈਦਾ ਹੋ ਰਿਹਾ ਹੈ, ਜਦੋਂ ਕਿ ਵਿਕਸਿਤ ਦੇਸ਼ਾਂ ਵਿਚ ਸੜਕਾਂ 'ਤੇ ਦੋਵੇਂ ਪਾਸੇ ਘਾਹ ਦੀਆਂ ਪੱਟੀਆਂ ਧੂੜ ਨੂੰ ਉੱਡਣ ਨਹੀਂ ਦਿੰਦੀਆਂ। ਪਰ ਸਾਡੇ ਦੇਸ਼ ਦੀਆਂ ਸੜਕਾਂ 'ਤੇ ਅਜਿਹੀ ਵਿਵਸਥਾ ਨਹੀਂ ਹੈ, ਜੋ ਧੂੜ ਨੂੰ ਉੱਡਣ ਨਾ ਦੇਵੇ। ਜਦੋਂ ਸੜਕਾਂ 'ਤੇ 24 ਘੰਟੇ ਗੱਡੀਆਂ ਦੌੜਨਗੀਆਂ ਤਾਂ ਧੂੜ ਤਾਂ ਉੱਡੇਗੀ ਹੀ। ਧੂੜ ਨੂੰ ਸਥਿਰ ਰੱਖਣ ਲਈ ਵਿਵਸਥਾ ਕੀਤੇ ਜਾਣ ਦੀ ਬੇਹੱਦ ਲੋੜ ਹੈ। ਵਿਗੜਦੀ ਹਵਾ ਦੇ ਮਾਮਲੇ 'ਚ ਭਾਰਤ ਦੁਨੀਆ ਦਾ ਤੀਜਾ ਸਭ ਤੋਂ ਵੱਧ ਪ੍ਰਦੂਸ਼ਿਤ ਦੇਸ਼ ਹੈ, ਜਦਕਿ ਪਹਿਲੇ ਅਤੇ ਦੂਸਰੇ ਸਥਾਨ 'ਤੇ ਬੰਗਲਾਦੇਸ਼ ਅਤੇ ਪਾਕਿਸਤਾਨ ਹਨ । ਦੁਨੀਆ ਭਰ ਦੇ 50 ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿੱਚੋਂ 42 ਭਾਰਤ ਦੇ ਹਨ। ਸਵਿਸ ਕੰਪਨੀ ਕਿਊ. ਏ.ਆਈ.ਆਰ ਦੇ ਸਰਵੇਖਣ ਮੁਤਾਬਿਕ ਬਿਹਾਰ ਦਾ ਬੇਗੂਸਰਾਏ ਦੁਨੀਆ ਭਰ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਹੈ, ਜਦਕਿ ਦਿੱਲੀ ਇਕ ਵਾਰ ਫਿਰ ਦੁਨੀਆ ਦੀ ਸਭ ਤੋਂ ਵੱਧ ਪ੍ਰਦੂਸ਼ਿਤ ਰਾਜਧਾਨੀ ਬਣ ਗਈ ਹੈ। ਸਰਵੇਖਣ ਮੁਤਾਬਿਕ ਸਾਲ 2023 ਵਿਚ ਭਾਰਤ ਦੁਨੀਆ ਦਾ ਤੀਜਾ ਸਭ ਤੋਂ ਵੱਧ ਪ੍ਰਦੂਸ਼ਿਤ ਦੇਸ਼ ਹੈ। ਸੂਚੀ ਮੁਤਾਬਿਕ ਪਾਕਿਸਤਾਨ ਸਭ ਤੋਂ ਵੱਧ ਪ੍ਰਦੂਸ਼ਿਤ ਦੇਸ਼ ਹੈ, ਜਦਕਿ ਬੰਗਲਾਦੇਸ਼ ਦੂਜੇ ਨੰਬਰ 'ਤੇ ਹੈ। 2023 ਦੀ ਰਿਪੋਰਟ ਮੁਤਾਬਿਕ ਦੁਨੀਆ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਬਣਨ ਵਾਲੇ ਬੇਗੂਸਰਾਏ ਦਾ ਪਿਛਲੇ ਸਾਲ ਦੀ ਸੂਚੀ ਵਿਚ ਨਾਂਅ ਸ਼ਾਮਲ ਨਹੀਂ ਸੀ। ਬੇਗੂਸਰਾਏ ਤੋਂ ਬਾਅਦ ਗੁਹਾਟੀ ਪ੍ਰਦੂਸ਼ਣ ਦੇ ਮਾਮਲੇ ਵਿਚ ਦੂਜੇ ਨੰਬਰ 'ਤੇ ਹੈ। ਦਿੱਲੀ ਵੈਸੇ ਤੀਜੇ ਨੰਬਰ ਦਾ ਪ੍ਰਦੂਸ਼ਿਤ ਸ਼ਹਿਰ ਹੈ। ਪੰਜਾਬ ਦਾ ਮੁੱਲਾਂਪੁਰ ਪ੍ਰਦੂਸ਼ਣ ਦੇ ਮਾਮਲੇ ਵਿਚ ਚੌਥੇ ਨੰਬਰ 'ਤੇ ਹੈ, ਜਦਕਿ ਪਾਕਿਸਤਾਨ ਦਾ ਲਾਹੌਰ ਪੰਜਵੇਂ ਸਥਾਨ 'ਤੇ ਹੈ। ਦਿੱਲੀ ਐੱਨ.ਸੀ.ਆਰ ਦਾ ਗ੍ਰੇਟਰ ਨੋਇਡਾ 11ਵੇਂ ਅਤੇ ਗੁਰੂਗ੍ਰਾਮ 17ਵੇਂ ਸਥਾਨ 'ਤੇ ਹੈ। ਇਸ ਸਰਵੇਖਣ ਵਿਚ 134 ਦੇਸ਼ਾਂ ਦਾ ਡਾਟਾ ਸ਼ਾਮਲ ਕੀਤਾ ਗਿਆ ਹੈ, ਜਿਸ ਲਈ 7812 ਥਾਵਾਂ 'ਤੇ ਹਜ਼ਾਰ ਤੋਂ ਵੱਧ ਹਵਾ ਦੀ ਕੁਆਲਟੀ ਜਾਚਣ ਲਈ ਮਾਨਿਟਰਿੰਗ ਸਟੇਸ਼ਨ ਬਣਾਏ ਗਏ ਸਨ।

ਵਿਸ਼ਵ ਸਿਹਤ ਸੰਗਠਨ ਮੁਤਾਬਿਕ ਹਵਾ ਵਿਚ ਪੀ.ਐੱਮ. 2.5 ਮਾਈਕ੍ਰੋਗ੍ਰਾਮ ਪ੍ਰਤੀ ਘਣ ਹੋਣੀ ਚਾਹੀਦੀ ਹੈ, ਪਰ ਭਾਰਤ ਵਿਚ ਇਸ ਦਾ ਪੱਧਰ 10 ਗੁਣਾ ਜ਼ਿਆਦਾ ਭਾਵ 50 ਤੋਂ ਉਪਰ ਮਿਲਿਆ ਹੈ। ਇਹ ਅੰਕੜਾ ਬੰਗਲਾਦੇਸ਼ ਵਿਚ 79 ਤੇ ਪਾਕਿਸਤਾਨ ਵਿਚ 73 ਹੈ। ਦੇਸ਼ ਦੀ 96 ਫ਼ੀਸਦੀ ਆਬਾਦੀ ਹਵਾ ਪ੍ਰਦੂਸ਼ਣ ਵਿਚ ਸਾਹ ਲੈ ਰਹੀ ਹੈ। ਜੇਕਰ ਇਸ ਪੱਖ ਤੋਂ ਅਜਿਹੇ ਹੀ ਹਾਲਾਤ ਬਣੇ ਰਹੇ ਤਾਂ ਸਿਹਤ ਦੇ ਖੇਤਰ ਵਿਚ ਕੀਤੀਆਂ ਜਾਂਦੀਆਂ ਵੱਡੀਆਂ ਤੋਂ ਵੱਡੀਆਂ ਪ੍ਰਾਪਤੀਆਂ ਵੀ ਨਕਾਰਾ ਹੋ ਕੇ ਰਹਿ ਜਾਣਗੀਆਂ। ਦੇਸ਼ ਵਿਚ ਚੱਲਦੇ ਤਰ੍ਹਾਂ-ਤਰ੍ਹਾਂ ਦੇ ਕਰੋੜਾਂ ਵਾਹਨ ਧੂੰਏਂ ਦੀਆਂ ਪਰਤਾਂ ਲਗਾਤਾਰ ਵਧਾ ਰਹੇ ਹਨ। ਸਨਅਤ ਵਿਚ ਇਸ 'ਤੇ ਮਾਲ ਕੀਤਾ ਜਾਂਦਾ ਕੱਚਾ ਮਾਲ ਵੱਡਾ ਪ੍ਰਦੂਸ਼ਣ ਪੈਦਾ ਕਰਨ ਦਾ ਕਾਰਨ ਬਣਦਾ ਹੈ। ਅਸਮਾਨ ਕਾਲਾ ਹੋ ਗਿਆ ਹੈ। ਗਰਮੀ ਵਧ ਰਹੀ ਹੈ। ਮਿੱਟੀ ਮੈਲੀ ਹੋ ਗਈ ਹੈ। ਪਾਣੀ ਖਰਾਬ ਹੋ ਗਿਆ ਹੈ। ਹਵਾ ਗੰਦੀ ਹੋ ਗਈ ਹੈ। ਗੁਰਬਾਣੀ ਵਿਚ ਪਵਨ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦਿੱਤਾ ਗਿਆ ਹੈ, ਪਰੰਤੂ ਅੱਜ-ਕੱਲ੍ਹ ਨਾ ਪਵਨ, ਨਾ ਪਾਣੀ ਅਤੇ ਨਾ ਹੀ ਧਰਤੀ ਸਾਫ਼ ਹੈ।

ਦੁਨੀਆ ਭਰ 'ਚ ਹੋਣ ਵਾਲੀਆਂ ਨੌਂ ਮੌਤਾਂ 'ਚੋਂ ਇਕ ਹਵਾ ਦੇ ਪ੍ਰਦੂਸ਼ਣ ਕਾਰਨ ਹੁੰਦੀ ਹੈ। ਵਿਸ਼ਵ ਸਿਹਤ ਸੰਗਠਨ ਦੇ ਅੰਕੜਿਆਂ ਮੁਤਾਬਿਕ ਦੁਨੀਆ 'ਚ ਹਰ ਸਾਲ 80 ਲੱਖ ਲੋਕ ਇਸੇ ਪ੍ਰਦੂਸ਼ਣ ਕਾਰਨ ਆਪਣੀਆਂ ਜਾਨਾਂ ਤੋਂ ਹੱਥ ਧੋ ਬੈਠਦੇ ਹਨ। ਕਰੋੜਾਂ ਲੋਕਾਂ ਦੇ ਸਰੀਰ ਜ਼ਰਜ਼ਰੇ ਅਤੇ ਨਕਾਰੇ ਹੋ ਕੇ ਰਹਿ ਜਾਂਦੇ ਹਨ। ਇਸ ਦੇ ਨਾਲ ਹੀ ਅਜਿਹੇ ਹਾਲਾਤ ਕਾਰਨ ਹੀ ਆਮ ਲੋਕ ਦਮਾ, ਕੈਂਸਰ, ਦਿਲ ਦੇ ਦੌਰੇ ਅਤੇ ਫੇਫੜਿਆਂ ਦੇ ਰੋਗਾਂ ਦੇ ਸ਼ਿਕਾਰ ਹੁੰਦੇ ਜਾ ਰਹੇ ਹਨ। ਪ੍ਰਦੂਸ਼ਣ ਨਾਲ ਬੱਚਿਆਂ ਦੇ ਵਿਕਾਸ, ਮਾਨਸਿਕ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ, ਸਗੋਂ ਡਾਇਬਟੀਜ਼ ਜਿਹੇ ਘਾਤਕ ਰੋਗ ਵੀ ਹੁੰਦੇ ਹਨ। ਵਧਦੇ ਪ੍ਰਦੂਸ਼ਣ ਕਾਰਨ ਹੀ ਬੇਮੌਸਮੀ ਬਾਰਿਸ਼ ਤੇ ਤੂਫਾਨਾਂ ਨਾਲ ਕਿਸਾਨਾਂ ਦੀ ਫਸਲ ਬਰਬਾਦ ਹੋ ਕੇ ਰਹਿ ਜਾਂਦੀ ਹੈ। ਦੁਨੀਆ ਦੇ 65 ਫ਼ੀਸਦੀ ਪ੍ਰਦੂਸ਼ਣ ਦਾ ਕਾਰਨ ਪੈਟਰੋਲ, ਡੀਜ਼ਲ ਤੇ ਕੋਲੇ ਦਾ ਧੂੰਆਂ ਹੁੰਦਾ ਹੈ।

ਬੀ.ਐੱਮ.ਜੇ. ਵਿਚ ਪ੍ਰਕਾਸ਼ਿਤ ਇਕ ਨਮੂਨੇ ਦੇ ਅਧਿਐਨ ਅਨੁਸਾਰ ਸਭ ਤਰ੍ਹਾਂ ਦੇ ਸਰੋਤਾਂ ਤੋਂ ਹੋਣ ਵਾਲੇ ਬਾਹਰੀ ਹਵਾ ਪ੍ਰਦੂਸ਼ਣ ਦੇ ਕਾਰਨ ਭਾਰਤ 'ਚ ਹਰ ਸਾਲ 21.8 ਲੱਖ ਮੌਤਾਂ ਹੁੰਦੀਆਂ ਹਨ, ਜਦਕਿ ਚੀਨ ਵਿਚ ਬਾਹਰੀ ਹਵਾ ਪ੍ਰਦੂਸ਼ਣ ਕਾਰਨ 24.4 ਲੱਖ ਮੌਤਾਂ ਹੁੰਦੀਆਂ ਹਨ। ਉਂਜ ਦੁਨੀਆ ਭਰ ਵਿਚ ਬਾਹਰੀ ਹਵਾ ਪ੍ਰਦੂਸ਼ਣ ਨੂੰ ਘਟਾਉਣ ਲਈ ਆਮ ਲੋਕ ਉਸ ਹੱਦ ਤੱਕ ਜਾਗਰੂਕ ਤੇ ਸਰਗਰਮ ਨਹੀਂ ਹੁੰਦੇ, ਜਿੰਨੇ ਹੋਣੇ ਚਾਹੀਦੇ ਹਨ। ਜੇ ਹਰੇਕ ਨਾਗਰਿਕ ਇਸ ਮਾਮਲੇ ਵਿਚ ਚੇਤੰਨ ਹੋਵੇ ਅਤੇ ਪ੍ਰਦੂਸ਼ਣ ਦੇ ਹਰੇਕ ਨਿੱਕੇ-ਵੱਡੇ ਸਰੋਤ 'ਤੇ ਚੌਕਸ ਨਜ਼ਰ ਰੱਖੇ ਤਾਂ ਹੀ ਇਸ ਵੱਡੇ ਖੇਤਰ 'ਚੋਂ ਨਿਕਲਿਆ ਜਾ ਸਕਦਾ ਹੈ।

ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਸਰਕਾਰਾਂ ਵੱਲੋਂ ਵਾਤਾਵਰਨ ਪ੍ਰੇਮੀਆਂ, ਵਾਤਾਵਰਨ ਵਿਗਿਆਨੀਆਂ, ਡਾਕਟਰਾਂ ਅਤੇ ਸੁਹਿਰਦ ਅਫ਼ਸਰਾਂ ਉੱਤੇ ਆਧਾਰਤ ਇਕ ਗੈਰ ਸਿਆਸੀ ਕਮੇਟੀ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ। ਜਿਹੜੀ ਪਰਾਲੀ ਸਾੜਨ ਨੂੰ ਰੋਕਣ ਲਈ ਸਰਬ ਪ੍ਰਵਾਨਤ ਹੱਲ ਸੁਝਾਵੇ। ਪਰਾਲੀ ਤੋਂ ਬਾਇਓ ਐਲਰਜ਼ੀ, ਗੱਤਾ, ਕਾਗਜ਼, ਡਿਊਲ ਆਦਿ ਤਿਆਰ ਕਰਨ ਦੇ ਪਲਾਂਟ ਲਗਾਏ ਜਾਣ ਬਾਰੇ ਸੋਚਿਆ ਜਾ ਸਕਦਾ ਹੈ। ਕਿਸਾਨਾਂ ਦੀ ਆਮਦਨ ਨੂੰ ਬਿਨਾਂ ਪ੍ਰਭਾਵਿਤ ਕੀਤਿਆਂ ਉਨ੍ਹਾਂ ਨੂੰ ਖੇਤੀ ਵਿਭਿੰਨਤਾ ਲਈ ਮਨਾਇਆ ਜਾਵੇ। ਰਸਾਇਣਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਖੇਤੀ ਵਿਗਿਆਨੀਆਂ ਦੀਆਂ ਸਿਫ਼ਾਰਸ਼ਾਂ ਅਨੁਸਾਰ ਕਰਨਾ ਯਕੀਨੀ ਬਣਾਇਆ ਜਾਵੇ।

ਫੈਕਟਰੀਆਂ ਦਾ ਪ੍ਰਦੂਸ਼ਣ ਘਟਾਉਣ ਲਈ ਫੈਕਟਰੀ ਮਾਲਕਾਂ ਦੀ ਨਿਕੇਲ ਕੱਸੀ ਜਾਵੇ। ਉਲੰਘਣਾ ਕਰਨ ਵਾਲਿਆਂ ਦੇ ਲਾਇਸੈਂਸ ਰੱਦ ਕਰਕੇ ਸਦਾ ਲਈ ਤਾਲਾ ਲਗਾਇਆ ਜਾਵੇ। ਪਲਾਸਟਿਕ ਦੀ ਵਰਤੋਂ 'ਤੇ ਸੌ ਫ਼ੀਸਦੀ ਪਾਬੰਦੀ ਲਗਾਈ ਜਾਵੇ। ਇਸ ਦੀ ਥਾਂ 'ਤੇ ਕਾਗਜ਼ ਦੇ ਲਿਫਾਫੇ ਅਤੇ ਕੱਪੜੇ ਦੇ ਥੈਲੀ ਵਰਤੇ ਜਾਣ। ਵੱਧ ਤੋਂ ਵੱਧ ਰੁੱਖ ਲਗਾਏ ਜਾਣ। ਰੁੱਖ ਸਾਨੂੰ ਸ਼ੁੱਧ ਹਵਾ ਦਿੰਦੇ ਹਨ। ਫੁੱਲ, ਫਲ, ਲੱਕੜੀ ਬਹੁਤ ਸਾਰੀਆਂ ਦਵਾਈਆਂ ਆਦਿ ਰੁੱਖਾਂ ਦੀ ਹੀ ਦੇਣ ਹਨ। ਪੈਟਰੋਲ-ਡੀਜ਼ਲ ਦਾ ਬਹੁਤ ਫਲੈਕਸ ਫਿਊਲ ਵਾਲੇ ਇੰਜਨ ਵਾਲੇ ਵਾਹਨਾਂ ਦੀ ਵਰਤੋਂ ਕੀਤੀ ਜਾਵੇ। ਜੇਕਰ ਅਸੀਂ ਸਮੇਂ ਸਿਰ ਇਸ ਪ੍ਰਦੂਸ਼ਣ ਦੀ ਸਮੱਸਿਆ ਦਾ ਹੱਲ ਨਾ ਕੀਤਾ ਤਾਂ ਸਾਨੂੰ ਆਉਣ ਵਾਲੇ ਸਮੇਂ ਵਿਚ ਬਹੁਤ ਗੰਭੀਰ ਨਤੀਜੇ ਭੁਗਤਣੇ ਪੈਣਗੇ। ਸੋ ਆਓ ਸਾਰੇ ਮਿਲ ਕੇ ਕੁਦਰਤੀ ਵਾਤਾਵਰਨ ਦੀ ਰੱਖਿਆ ਲਈ ਅਤੇ ਵਾਤਾਵਰਨ ਨੂੰ ਬਚਾਉਣ ਲਈ ਪ੍ਰਦੂਸ਼ਣ ਦੀ ਸਮੱਸਿਆ ਨੂੰ ਘੱਟ ਕਰਨ ਵਿਚ ਆਪਣਾ ਬਣਦਾ ਹਿੱਸਾ ਪਾਈਏ। ਇਸ ਲਈ ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਕਰਨ, ਆਪਣੀ ਆਉਣ ਵਾਲੀ ਪੀੜ੍ਹੀ ਨੂੰ ਸਾਫ਼-ਸੁਥਰਾ ਵਾਤਾਵਰਨ ਦੇਣ ਵਿਚ ਆਪਣਾ ਬਣਦਾ ਸਹਿਯੋਗ ਪਾਉਣਾ ਸਾਡਾ ਸਾਰਿਆਂ ਦਾ ਨੈਤਿਕ ਫ਼ਰਜ਼ ਹੈ। ਸਰਕਾਰਾਂ ਦਾ ਕਰਤੱਵ ਹੁੰਦਾ ਹੈ ਕਿ ਉਹ ਲੋਕਾਂ ਦੇ ਆਤਮ-ਵਿਸ਼ਵਾਸ ਨੂੰ ਮਜ਼ਬੂਤ ਕਰੇ। ਸਮੱਸਿਆਵਾਂ ਤੋਂ ਨਜ਼ਰਾਂ ਫੇਰਨ ਨਾਲ ਉਹ ਘਟਦੀਆਂ ਨਹੀਂ, ਸਗੋਂ ਹੋਰ ਵਿਕਰਾਲ ਰੂਪ ਧਾਰਨ ਕਰ ਲੈਂਦੀਆਂ ਹਨ ।

**# ਸੰਪਰਕ : 98146-62260**

# ਪੂੰਜੀਵਾਦ ਕੋਲ ਧਰਮ ਇੱਕ ਵੱਡਾ ਹਥਿਆਰ

ਪਵਨ ਕੁਮਾਰ ਕੌਸ਼ਲ

ਪੂੰਜੀਵਾਦ ਅਜਿਹੀ ਅਰਥ ਵਿਵਸਥਾ ਹੈ, ਜਿਸ ਵਿੱਚ ਵਿਆਕਤੀਗਤ ਲਾਭ ਦੇ ਲਈ ਕਾਰੋਬਾਰ ਕੀਤੇ ਜਾਂਦੇ ਹਨ। ਅਰਥਾਤ ਪੈਦਾਵਾਰੀ ਸਾਧਨਾ ਉਪਰ ਵਿਆਕਤੀਗਤ ਨਿਯੰਤਰਣ ਹੁੰਦਾ ਹੈ ਅਤੇ ਧਰਮ ਕਦੀ ਵੀ ਇਸ ਦਾ ਵਿਰੋਧ ਨਹੀ ਕਰਦਾ, ਨਾ ਹੀ ਇਸ ਦੇ ਰਾਜ ਦਾ ਇਹ ਦੇਖਣ ਵਿੱਚ ਆਇਆ ਹੈ ਕਿ ਧਰਮ ਸੱਤਾ ਤੇ ਕਾਬਜ਼ ਜਮਾਤ ਦਾ ਸਮਰਥਕ ਹੁੰਦਾ ਹੈ। ਦੁਨੀਆ ਵਿੱਚ ਬਹੁਤ ਸਾਰੇ ਧਰਮ ਹਨ ਅਤੇ ਹਰ ਇੱਕ ਭ੍ਰਿਸ਼ਟਾਚਾਰ ਦਾ ਇੱਕ ਸ਼ਕਤੀਸ਼ਾਲੀ ਕਿਲਾ ਹੈ। 1957 ਵਿੱਚ ਕੇਰਲਾ ਅੰਦਰ ਵਿਸ਼ਵ ਦੀ ਵੋਟਾਂ ਰਾਹੀਂ ਚੁਣੀ ਗਈ ਪਹਿਲੀ ਕਮਿਊਨਿਸਟ ਸਰਕਾਰ ਸੀ। ਕੇਂਦਰ ਦੀ ਕਾਂਗਰਸ ਸਰਕਾਰ ਦੇ ਇਹ ਹਜ਼ਮ ਨਹੀ ਹੋ ਰਹੀ ਸੀ। 1959 ਵਿੱਚ ਜਦੋਂ ਕਮਿਊਨਿਸਟ ਸਰਕਾਰ ਨੇ ਭੂਮੀ ਸੁਧਾਰ ਕਰਨ ਅਤੇ ਮੱਠਾਂ ਦੀ ਜ਼ਮੀਨ ਸਰਕਾਰ ਵੱਲੋਂ ਆਪਣੇ ਅਧੀਨ ਕਰਨ ਦੀ ਅਹਿਮ ਪਹਿਲਕਦਮੀ ਕੀਤੀ ਤਾਂ ਕੇਂਦਰ ਦੀ ਸਰਮਾਏਦਾਰ ਪੱਖੀ ਸਰਕਾਰ ਨੇ ਧਰਮ (ਈਸਾਈ ਮੱਤ) ਦੀ ਆੜ ਵਿੱਚ ਕਮਿਊਨਿਸਟ ਸਰਕਾਰ ਭੰਗ ਕਰ ਦਿੱਤੀ। ਮਾਰਕਸ ਦੇ ਵਿਚਾਰ ਅਨੁਸਾਰ, 'ਧਾਰਮ ਇੱਕੋ ਸਮੇਂ, ਅਸਲ ਦੁੱਖਾਂ ਦਾ ਪ੍ਰਗਟਾਵਾ ਅਤੇ ਅਸਲ ਦੁੱਖਾਂ ਦਾ ਵਿਰੋਧ ਵੀ ਹੈ। ਧਰਮ ਦੱਬੇ-ਕੁਚਲੇ ਪ੍ਰਾਣੀ ਦਾ ਸਾਹ, ਇੱਕ ਬੇਰਹਿਮ ਸੰਸਾਰ ਦਾ ਦਿਲ, ਅਤੇ ਰੂਹ ਰਹਿਤ ਹਾਲਤਾਂ ਦੀ ਰੂਹ ਹੈ, ਇਹ ਲੋਕਾਂ ਲਈ ਅਫੀਮ ਹੈ।'

ਪੂੰਜੀਵਾਦੀ ਸਮਾਜ ਵਿੱਚ ਧਰਮ ਇੱਕ ਅਸਮਾਨ ਸਥਿਤੀ ਨੂੰ ਕਾਇਮ ਰੱਖਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ, ਜਿਸ ਵਿੱਚ ਲੋਕਾਂ ਦੇ ਕੁਝ ਸਮੂਹਾਂ ਕੋਲ ਲੋਕਾਂ ਦੇ ਦੂਜੇ ਸਮੂਹਾਂ ਨਾਲੋਂ ਮੂਲ ਰੂਪ ਵਿੱਚ ਦੌਲਤ ਦੇ ਵਧੇਰੇ ਸਰੋਤ ਅਤੇ ਸ਼ਕਤੀ ਹੁੰਦੀ ਹੈ। ਧਰਮ, ਮਾਰਕਸ ਦਾ ਮੰਨਣਾ ਸੀ ਕਿ ਵਿਸ਼ਵਾਸਾਂ, ਇਸ ਦੇ ਨਿਯਮਾਂ ਅਤੇ ਦੌਲਤਮੰਦ ਪੂੰਜੀਪਤੀਆਂ ਦੀ ਇੱਕ ਪ੍ਰਣਾਲੀ ਨੂੰ ਬਰਕਰਾਰ ਰੱਖਣ ਦਾ ਇੱਕ ਢੰਗ ਹੈ, ਧਰਮ ਦੀ ਇੱਕ ਸ਼ਕਤੀਸ਼ਾਲੀ ਰੂੜ੍ਹੀਵਾਦੀ ਸ਼ਕਤੀ ਵਜੋਂ ਕਲਪਨਾ ਕੀਤੀ ਗਈ ਸੀ, ਜੋ ਦੂਜਿਆਂ ਦੀ ਕੀਮਤ 'ਤੇ ਇੱਕ ਸਮਾਜਿਕ ਵਰਗ ਦੇ ਦਬਦਬੇ ਨੂੰ ਕਾਇਮ ਰੱਖਣ ਲਈ ਕੰਮ ਕਰਦੀ ਸੀ। ਸਰਮਾਏਦਾਰਾਂ /ਪੂੰਜੀਪਤੀਆਂ ਦੁਆਰਾ ਧਰਮ ਨੂੰ ਇੱਕ ਵਿਚਾਰਧਾਰਕ ਹਥਿਆਰ ਵਜੋਂ ਵਰਤਿਆ ਜਾਦਾਂ ਹੈ, ਤਾਂ ਜੋ ਗਰੀਬਾਂ ਦੇ ਦੁੱਖਾਂ ਨੂੰ ਜਾਇਜ਼ ਠਹਿਰਾਇਆ ਜਾ ਸਕੇ, ਇਸ ਨੂੰ ਰੱਬ ਦੁਆਰਾ ਦਿੱਤਾ ਗਿਆ ਅਤੇ ਅਟੱਲ ਸਮਝਿਆ ਜਾ ਸਕੇ। ਧਰਮ ਗਰੀਬਾਂ ਲਈ ਝੂਠੀ ਉਮੀਦ ਅਤੇ ਦਿਲਾਸਾ ਹੈ। ਅਕਸਰ ਇਹ ਦੇਖਿਆ ਜਾਂਦਾ ਹੈ ਕਿ ਗਰੀਬਾਂ ਨੇ ਆਪਣੇ ਹਾਲਾਤ ਵਿਚ ਦਿਲਾਸਾ ਪਾਉਣ ਲਈ ਆਪਣੇ ਧਰਮ ਨੂੰ ਇਕ ਸਾਧਨ ਵਜੋਂ ਵਰਤਿਆ, ਇਸ ਤਰ੍ਹਾਂ ਪੂੰਜੀਪਤੀ ਆਪਣੀ ਸੱਤਾ ਨੂੰ ਬਰਕਰਾਰ ਰੱਖਣ ਲਈ ਧਰਮ ਨੂੰ ਇੱਕ ਹਥਿਆਰ ਵਜੋਂ ਵਰਤਦਾ ਹੈ। ਮਨੁੱਖ ਸੰਸਾਰ ਤੋਂ ਬਾਹਰ ਬੈਠਾ ਕੋਈ ਅਮੂਰਤ ਨਹੀਂ ਹੈ। ਮਨੁੱਖ, ਮਨੁੱਖ ਦਾ ਸੰਸਾਰ, ਰਾਜ ਤੇ ਸਮਾਜ ਹੈ। ਇਹੋ ਰਾਜ ਅਤੇ ਇਹ ਸਮਾਜ ਧਰਮ ਪੈਦਾ ਕਰਦਾ ਹੈ, ਜੋ ਸੰਸਾਰ ਦੀ ਇੱਕ ਉਲਟ ਚੇਤਨਾ ਹੈ। ਇਸੇ ਲਈ ਧਰਮ ਇੱਕ ਨਿੱਜੀ ਮਾਮਲਾ ਹੋਣਾ ਚਾਹੀਦਾ ਹੈ, ਇਸ ਦਾ ਰਾਜ ਨਾਲ ਕੋਈ ਸੰਬੰਧ ਨਹੀ ਹੋਣਾ ਚਾਹੀਦਾ। ਹੁਣੇ ਹੀ 22 ਜਨਵਰੀ 2024 ਨੂੰ ਸਰਕਾਰ ਦੀ ਸਰਗਰਮ ਭੂਮਿਕਾ ਖਾਸ ਕਰਕੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ, ਨਾਲ ਅਯੋਧਿਆ ਵਿਖੇ ਰਾਮ ਮੰਦਰ ਦੀ 'ਪ੍ਰਾਣ ਪ੍ਰਤੀਸ਼ਠਾ' ਕੀਤੀ ਗਈ। ਲੈਨਿਨ ਸਮਾਜਵਾਦ ਅਤੇ ਧਰਮ ਵਿੱਚ ਲਿਖਦੇ ਹਨ, 'ਇਨਕਲਾਬੀ ਪ੍ਰੋਲੇਤਾਰੀ ਧਰਮ ਨੂੰ ਅਸਲ ਵਿੱਚ ਨਿੱਜੀ ਮਾਮਲਾ ਬਣਾਉਣ ਵਿੱਚ ਕਾਮਯਾਬ ਹੋਵੇਗਾ, ਜਿੱਥੋਂ ਤੱਕ ਰਾਜ ਦਾ ਸਬੰਧ ਹੈ।' ਪ੍ਰੋਲੇਤਾਰੀ ਆਰਥਿਕ ਗੁਲਾਮੀ ਦੇ ਖਾਤਮੇ ਲਈ ਇੱਕ ਵਿਸ਼ਾਲ ਅਤੇ ਖੁੱਲ੍ਹਾ ਸੰਘਰਸ਼ ਵਿੱਢੇਗਾ, ਜੋ ਮਨੁੱਖਤਾ ਦੀ ਧਾਰਮਿਕ ਗੁਲਾਮੀ ਦਾ ਅਸਲ ਸਰੋਤ ਹੈ। ਇਸ ਸਥਿਤੀ ਵਿੱਚ ਤੁਹਾਨੂੰ ਚਰਚ ਅਤੇ ਰਾਜ, ਸਕੂਲ ਅਤੇ ਚਰਚ ਦੇ ਪੂਰਨ ਤੌਰ ਤੇ ਵੱਖ ਹੋਣ ਲਈ ਖੜ੍ਹੇ ਹੋਣਾ ਚਾਹੀਦਾ ਹੈ, ਤਾਂ ਕਿ ਧਰਮ ਨੂੰ ਪੂਰੀ ਤਰ੍ਹਾਂ ਅਤੇ ਬਿਲਕੁਲ ਨਿੱਜੀ ਮਾਮਲਾ ਐਲਾਨਿਆ ਜਾ ਸਕੇ। ਧਰਮ ਇਸ ਸੰਸਾਰ ਦਾ ਸਾਧਾਰਨ ਸਿਧਾਂਤ ਹੈ, ਇਸ ਦਾ ਵਿਸ਼ਵਕੋਸ਼ ਸੰਗ੍ਰਹਿ,ਪ੍ਰਸਿੱਧ ਰੂਪ ਵਿੱਚ ਤਰਕ, ਅਧਿਆਤਮਿਕ ਬਿੰਦੂ, ਉਤਸ਼ਾਹ, ਨੈਤਿਕ ਪ੍ਰਵਾਨਗੀ, ਸੰਪੂਰਨ ਪੂਰਕ, ਅਤੇ ਇਸਦੀ ਤਸੱਲੀ ਅਤੇ ਜਾਇਜ਼ਤਾ ਦਾ ਸਰਵ-ਵਿਆਪਕ ਅਧਾਰ ਹੈ। ਇਹ ਮਨੁੱਖੀ ਤੱਤ ਦਾ ਸ਼ਾਨਦਾਰ ਅਨੁਭਵ ਹੈ, ਕਿਉਂਕਿ ਮਨੁੱਖੀ ਤੱਤ ਨੇ ਕੋਈ ਸੱਚੀ ਅਸਲੀਅਤ ਪ੍ਰਾਪਤ ਨਹੀਂ ਕੀਤੀ । ਇਸ ਲਈ ਧਰਮ ਦੇ ਵਿਰੁੱਧ ਸੰਘਰਸ਼ ਅਸਿੱਧੇ ਤੌਰ 'ਤੇ ਉਸ ਸੰਸਾਰ ਵਿਰੁੱਧ ਸੰਘਰਸ਼ ਹੈ, ਜਿਸ ਦੀ ਆਤਮਿਕ ਸੁਗੰਧ ਧਰਮ ਹੈ। ਇਸੇ ਲਈ ਧਰਮ ਇੱਕੋ ਸਮੇਂ ਅਸਲ ਦੁੱਖਾਂ ਦਾ ਪ੍ਰਗਟਾਵਾ ਅਤੇ ਅਸਲ ਦੁੱਖਾਂ ਦਾ ਵਿਰੋਧ ਵੀ ਹੈ। ਧਰਮ ਦੱਬੇ-ਕੁਚਲੇ ਪ੍ਰਾਣੀ ਦਾ ਸਾਹ, ਇੱਕ ਬੇਰਹਿਮ ਸੰਸਾਰ ਦਾ ਦਿਲ, ਅਤੇ ਰੂਹ ਰਹਿਤ ਹਾਲਤਾਂ ਦੀ ਰੂਹ ਹੈ, ਇਹ ਲੋਕਾਂ ਲਈ ਅਫੀਮ ਹੈ।

(ਮਾਰਕਸ ਐਂਡ ਏਂਜਲਜ਼ ਓਨ ਰਲਿਜਿਅਨ,ਪਰੋਗਰੈਸ ਪਬਲਿਸ਼ਰਜ਼ 1957, ਮਾਸਕੋ) ਧਰਮ ਅਮੀਰ ਪੂੰਜੀਪਤੀਆਂ ਦੇ ਵਿਸ਼ਵਾਸਾਂ, ਵਿਚਾਰਾਂ ਅਤੇ ਨਿਯਮਾਂ ਦੀ ਪ੍ਰਣਾਲੀ ਨੂੰ ਬਰਕਰਾਰ ਰੱਖਣ ਦਾ ਇੱਕ ਤਰੀਕਾ ਹੈ, ਇਹ ਕਹਿੰਦੇ ਹੋਏ ਕਿ ਧਰਮ ਦੀ ਇੱਕ ਸ਼ਕਤੀਸ਼ਾਲੀ ਰੂੜ੍ਹੀਵਾਦੀ ਸ਼ਕਤੀ ਵਜੋਂ ਕਲਪਨਾ ਕੀਤੀ ਗਈ ਸੀ, ਜੋ ਦੂਜਿਆਂ ਦੀ ਕੀਮਤ 'ਤੇ ਇੱਕ ਸਮਾਜਿਕ ਵਰਗ ਦੇ ਦਬਦਬੇ ਨੂੰ ਕਾਇਮ ਰੱਖਣ ਲਈ ਕੰਮ ਕਰਦੀ ਸੀ। ਧਰਮ ਦੀ ਵਰਤੋਂ ਅਮੀਰ ਲੋਕਾਂ ਦੁਆਰਾ ਅਚੇਤ ਤੌਰ 'ਤੇ ਜਨਤਾ ਜਾਂ ਆਮ ਲੋਕਾਂ ਨੂੰ ਕਾਬੂ ਕਰਨ ਲਈ ਵੀ ਕੀਤੀ ਜਾਂਦੀ ਹੈ। ਇਹ ਇੱਕ ਉਦੇਸ਼ ਜਾਂ ਯੋਜਨਾਬੱਧ ਹਿੰਸਾ ਹੈ। ਗਲੋਬਲ ਪੂੰਜੀਵਾਦ ਦੀਆਂ ਸਮਾਜਿਕ ਸਥਿਤੀਆਂ ਵਿੱਚ ਨਿਹਿਤ/ਜਮਾਂਦਰੂ ਹੈ, ਜਿਸ ਵਿੱਚ ਬੇਘਰੇ ਤੋਂ ਬੇਰੁਜ਼ਗਾਰਾਂ ਤੱਕ, ਬੇਘਰੇ ਅਤੇ ਬੇਲੋੜੇ ਵਿਅਕਤੀਆਂ ਦੀ ਆਪਣੇ ਆਪ ਸਿਰਜਣਾ ਸ਼ਾਮਲ ਹੈ, ਅਤੇ ਅਤਿ-ਵਿਅਕਤੀਗਤ ਹਿੰਸਾ ਸ਼ਾਮਲ ਹੈ। ਨਵੇਂ ਉੱਭਰ ਰਹੇ ਨਸਲੀ ਅਤੇ ਧਾਰਮਿਕ, ਸੰਖੇਪ ਵਿੱਚ ਨਸਲਵਾਦੀ ਕੱਟੜਵਾਦ। ਉਸ ਦੌਰ ਵਿੱਚ ਪੂੰਜੀਵਾਦੀ ਅਰਥ-ਸ਼ਾਸਤਰ ਪੱਛਮੀ ਸੰਸਾਰ ਲਈ ਢੰਗ-ਤਰੀਕਾ ਬਣ ਗਿਆ ਹੈ ਅਤੇ ਹਿੰਸਕ ਢੰਗ ਨਾਲ ਬਾਕੀ ਸੰਸਾਰ ਉੱਤੇ ਠੋਸਿਆ ਗਿਆ ਹੈ। ਇਹ ਬਿਰਤਾਂਤ ਪੂੰਜੀਵਾਦ ਦੇ ਅਪਰਾਧਾਂ ਨੂੰ ਧੋਹ ਦਿੰਦਾ ਹੈ, ਜੋ ਕਿ ਆਸਾਨੀ ਨਾਲ ਇਸਦੇ ਪਾਪਾਂ ਤੋਂ ਬਰੀ ਹੋ ਜਾਂਦਾ ਹੈ, ਜਦੋਂ ਕਿ ਹਿੰਸਾ ਅਤੇ ਕਿਸੇ ਵਿਕਲਪਕ ਪ੍ਰਣਾਲੀ ਦੇ ਵਿਚਕਾਰ ਇੱਕ ਸੰਬੰਧ ਬਣਾਇਆ ਜਾਂਦਾ ਹੈ, ਤਾਂ ਜੋ ਉੱਚ ਨੈਤਿਕ ਅਤੇ ਆਰਥਿਕ ਅਧਾਰ 'ਤੇ ਪੂੰਜੀਵਾਦ ਦੀ ਸਥਿਤੀ ਨੂੰ ਜਾਰੀ ਰੱਖਿਆ ਜਾ ਸਕੇ।

ਫਿਰ ਵੀ ਜਦੋਂ ਅਸੀਂ ਪੂੰਜੀਵਾਦ ਦੀ ਚਰਚਾ ਕਰਦੇ ਹਾਂ ਤਾਂ ਅਸੀਂ ਇਸ ਨਾਲ ਜੁੜੀ ਹਿੰਸਾ ਦੀ ਚਰਚਾ ਨਹੀਂ ਕਰਦੇ। ਮਰਨ ਵਾਲਿਆਂ ਦੀ ਗਿਣਤੀ ਦੇ ਮਾਮਲੇ ਵਿੱਚ ਬਸਤੀਵਾਦ ਦੀ ਹਿੰਸਾ ਨੂੰ ਜ਼ਿਆਦਾ ਬਿਆਨ ਨਹੀਂ ਕੀਤਾ ਜਾ ਸਕਦਾ। ਗੁਲਾਮ ਵਪਾਰ, ਬਸਤੀਵਾਦ ਅਤੇ ਨਵ-ਬਸਤੀਵਾਦ ਨੇ ਅਣਗਿਣਤ ਮਰਨ ਵਾਲਿਆਂ ਵਿੱਚ ਭਾਈਵਾਲ ਹੈ। ਪੂੰਜੀਵਾਦ ਅਤੇ ਮਨੁੱਖੀ ਅਧਿਕਾਰਾਂ ਦਾ ਘਾਣ ਇਕੱਠੇ ਚੱਲਦੇ ਹਨ, ਮਨੁੱਖੀ ਅਧਿਕਾਰਾਂ ਦਾ ਘਾਣ ਰੋਜ਼ਾਨਾ ਦੇ ਆਧਾਰ 'ਤੇ ਹੋ ਰਿਹਾ ਹੈ। ਪੂੰਜੀਵਾਦ ਕੋਲ ਧਰਮ ਦਾ ਇੱਕ ਵੱਡਾ ਹਥਿਆਰ ਹੋਣ ਕਾਰਨ ਪਿਛਲੇ ਸਮੇਂ ਵਿੱਚ ਭਾਰਤ ਨੇ 1947 ਦੀ ਵੰਡ ਤੋਂ ਬਾਅਦ ਦੇ ਆਪਣੇ ਪੂਰੇ ਇਤਿਹਾਸ ਵਿੱਚ ਸਭ ਤੋਂ ਭਿਆਨਕ ਫਿਰਕੂ ਹਿੰਸਾ ਦੇਖੀ ਹੈ ਅਤੇ ਹੁਣ ਵੀ ਦੇਖ ਰਹੇ ਹਾਂ। ਦੁਨੀਆ ਦੇ ਕਿਸੇ ਵੀ ਦੇਸ਼ ਨਾਲੋਂ ਹਰ ਸਾਲ ਭਾਰਤ ਵਿੱਚ ਧਾਰਮਿਕ ਹਿੰਸਾ ਕਾਰਨ ਵੱਧ ਲੋਕ ਮਾਰੇ ਜਾਂਦੇ ਹਨ। ਇਸ ਦੀ ਇੱਕ ਮਸਾਲ ਅਯੁੱਧਿਆ ਦਾ ਰਾਮ ਮੰਦਰ ਤੇ ਬਾਬਰੀ ਮਸਜਿਦ ਦੇ ਝਗੜੇ, ਜਿਸ ਨੇ ਹੁਣ ਤੱਕ ਲੱਖਾਂ ਲੋਕਾਂ ਦੀ ਜਾਨ ਲਈ ਹੈ ਅਤੇ ਇਸ ਦੀ ਬਦੌਲਤ ਦੇਸ਼ ਦੀ ਫਿਰਕਾਪ੍ਰਸਤੀ ਨੂੰ ਅਪਣਾ ਕੇ ਅੱਜ ਭਾਰਤ ਦੀ ਗੱਦੀ ਉਪਰ ਬਿਰਾਜਮਾਨ ਹੈ।

1947 ਵਿਚ ਭਾਰਤ ਦੀ ਵੰਡ ਵੇਲੇ ਵੰਡ ਤੋਂ ਬਾਅਦ ਪੈਦਾ ਹੋਏ ਫਿਰਕੂ ਜਨੂੰਨ ਵਿਚ 10 ਲੱਖ ਤੋਂ ਵੱਧ ਹਿੰਦੂਆਂ ਅਤੇ ਮੁਸਲਮਾਨਾਂ ਦਾ ਕਤਲੇਆਮ ਕੀਤਾ ਗਿਆ ਸੀ। ਭਾਰਤ ਦੇ ਕਿਰਤੀ ਲੋਕਾਂ ਲਈ ਇੱਕ ਵਧੀਆ ਜੀਵਨ ਪੱਧਰ ਪ੍ਰਦਾਨ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਰਹਿਣ ਕਾਰਨ ਭਾਰਤੀ ਹਾਕਮ ਜਮਾਤ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਸ਼ਾਵਨਵਾਦ ਦਾ ਸਹਾਰਾ ਲੈ ਰਹੀ ਹੈ, ਪਰ ਪਿਛਲੇ 50 ਸਾਲਾਂ ਵਿੱਚ ਸਰਮਾਏਦਾਰੀ ਨੇ ਇਹ ਦਰਸਾ ਦਿੱਤਾ ਹੈ ਕਿ ਉਹ ਜਨਤਾ ਦੀਆਂ ਸਮੱਸਿਆਵਾਂ ਦਾ ਹੱਲ ਪ੍ਰਦਾਨ ਕਰਨ ਵਿੱਚ ਪੂਰੀ ਤਰ੍ਹਾਂ ਅਸਮਰੱਥ ਹੈ। ਜ਼ਿਆਦਾਤਰ ਮੁੱਖ ਧਾਰਾ ਦੀਆਂ ਸਿਆਸੀ ਪਾਰਟੀਆਂ ਇਸ ਧਾਰਮਿਕ ਅਤੇ ਫਿਰਕੂ ਸ਼ਾਵਨਵਾਦ ਨੂੰ ਵਾਰ-ਵਾਰ ਆਪਣੇ ਸਵਾਰਥੀ ਹਿੱਤਾਂ ਦੀ ਪੂਰਤੀ ਲਈ ਵਰਤਦੀਆਂ ਹਨ। ਇਹ ਭਾਰਤੀ ਪੂੰਜੀਵਾਦ ਦੇ ਲਗਾਤਾਰ ਡੂੰਘੇ ਅਤੇ ਵਧਦੇ ਸੰਕਟ ਦਾ ਅਟੱਲ ਨਤੀਜਾ ਹੈ। ਇਸ ਤੋਂ ਇਲਾਵਾ ਧਰਮ ਦੇ ਕਈ ਰੂਪਾਂ ਨੇ ਇੱਕ ਪੁਜਾਰੀ ਜਾਤੀ ਦੀ ਸਿਰਜਣਾ ਕੀਤੀ ਅਤੇ ਲੋਕਾਂ ਨੂੰ ਇਹਨਾਂ ਕੁਲੀਨ ਵਰਗਾਂ ਦੀ ਆਗਿਆਕਾਰੀ ਹੋਣ ਲਈ ਕਿਹਾ। ਧਰਮ ਲੋਕਾਂ ਲਈ ਇੱਕ ਅਧਿਆਤਮਿਕ ਪ੍ਰਗਟਾਵਾ ਹੈ, ਪਰ ਇਹ ਸਮਾਜਿਕ ਅਸਲੀਅਤ ਤੋਂ ਵੱਖ ਹੋ ਕੇ ਇੱਕ ਸ਼ੁੱਧ ਅਧਿਆਤਮਿਕ ਖੇਤਰ 'ਤੇ ਜ਼ੋਰ ਦੇਣ ਕਾਰਨ ਗੁਮਰਾਹ ਕਰਦਾ ਹੈ। ਭਾਰਤ ਅੰਦਰ ਹੋਏ ਫਿਰਕੂ ਦੰਗਿਆਂ ਵਿੱਚ ਮੁੱਖ ਤੌਰ ਤੇ 1984 ਵਿੱਚ ਸਿੱਖ ਵਿਰੋਧੀ ਦੰਗੇ, 1992 ਵਿੱਚ ਅਯੋਧਿਆ ਵਿਖੇ ਬਾਬਰੀ ਮਸਜਿਦ ਨੂੰ ਢਾਹੁਣ ਸਮੇਂ, ਗੁਜਰਾਤ 'ਚ 2002 ਵਿੱਚ ਹੋਏ, ਮਨੀਪੁਰ ਵਿੱਚ ਅਤੇ ਹੁਣੇ ਹਰਿਆਣਾ ਦੇ ਨੂਹ ਵਿੱਚ ਹੋਏ ਫਿਰਕੂ ਦੰਗੇ ਤਾਜ਼ੀਆਂ ਘਟਨਾਵਾਂ ਹਨ। ਧਰਮ ਇੱਕ ਕਿਸਮ ਦੀ ਅਧਿਆਤਮਿਕ ਸ਼ਰਾਬ ਹੈ, ਜਿਸ ਵਿੱਚ ਪੂੰਜੀ ਦੇ ਗੁਲਾਮ ਆਪਣੇ ਮਨੁੱਖੀ ਅਕਸ ਨੂੰ ਮਨੁੱਖ ਦੇ ਘੱਟ ਜਾਂ ਘੱਟ ਯੋਗ ਜੀਵਨ ਦੀ ਮੰਗ ਨੂੰ ਡੁਬੋ ਦਿੰਦੇ ਹਨ। ਪਰ ਜਿਹੜਾ ਗੁਲਾਮ ਆਪਣੀ ਗੁਲਾਮੀ ਪ੍ਰਤੀ ਸੁਚੇਤ ਹੋ ਗਿਆ ਹੈ ਅਤੇ ਆਪਣੀ ਮੁਕਤੀ ਲਈ ਸੰਘਰਸ਼ ਲਈ ਉੱਠਿਆ ਹੈ, ਉਹ ਪਹਿਲਾਂ ਹੀ ਅੱਧਾ ਗੁਲਾਮ ਰਹਿ ਚੁੱਕਾ ਹੈ।' ਅਮਰੀਕੀ ਲੇਖਕ ਅਪਟਨ ਸਿੰਕਲੇਅਰ ਲਿਖਦੇ ਹਨ ਕਿ ਉਹ ਸੰਸਥਾਵਾਂ ਜਿਹੜੀਆਂ ਕੱਟੜ ਸਿਧਾਂਤ ਅਤੇ ਮੱਤਾਂ ਅਤੇ ਰੀਤੀ-ਰਿਵਾਜਾਂ ਵਾਲੀਆਂ ਹੁੰਦੀਆਂ ਹਨ, ਇੱਕ ਪ੍ਰਬੰਧਕੀ ਜਾਤ ਦੇ ਨਾਲ ਅਲੌਕਿਕ ਪ੍ਰਵਾਨਗੀ ਦਾ ਦਾਅਵਾ ਕਰਦੀਆਂ ਹਨ। ਅਜਿਹੀਆਂ ਸੰਸਥਾਵਾਂ ਦੁਆਰਾ ਨਸਲ ਦੀਆਂ ਨੈਤਿਕ ਕੋਸ਼ਿਸ਼ਾਂ, ਬਚਪਨ ਦੇ ਪਿਆਰ ਅਤੇ ਜਵਾਨੀ ਦੀਆਂ ਇੱਛਾਵਾਂ ਨੂੰ ਧਾਰਮਿਕ ਸ਼੍ਰੇਣੀਆਂ ਦੇ ਵਪਾਰ ਵਿੱਚ ਵਿਸ਼ੇਸ਼ ਅਧਿਕਾਰ ਅਤੇ ਭੰਡਾਰ ਬਣਾਇਆ ਜਾਂਦਾ ਹੈ। ਫਰੈਡਰਿਕ ਏਂਗਲਜ਼ ਨੇ ਸੁਝਾਅ ਦਿੱਤਾ ਕਿ ਧਰਮ ਦਾ ਦੋਹਰਾ ਕਿਰਦਾਰ ਹੈ ਅਤੇ ਉਹ ਰੂੜ੍ਹੀਵਾਦੀ ਸ਼ਕਤੀ ਵਜੋਂ ਕੰਮ ਕਰ ਸਕਦਾ ਹੈ, ਪਰ ਇਹ ਸਥਿਤੀ ਨੂੰ ਚੁਣੌਤੀ ਦੇਣਾ ਅਤੇ ਸਮਾਜਿਕ ਤਬਦੀਲੀ ਨੂੰ ਉਤਸ਼ਾਹਤ ਕਰਨਾ ਵੀ ਸੰਭਵ ਸੀ। ਬਹੁਤ ਸਾਰੇ ਮਾਰਕਸਵਾਦੀ ਅਤੇ ਨਵ-ਮਾਰਕਸਵਾਦੀ ਲੇਖਕਾਂ ਨੇ ਇਸ ਵਿਚਾਰ ਨੂੰ ਹੋਰ ਵਿਕਸਤ ਕੀਤਾ ਹੈ। ਸ਼ਹੀਦੇ-ਆਜ਼ਮ-ਭਗਤ ਸਿੰਘ ਨੇ 'ਮੈਂ ਨਾਸਤਿਕ ਕਿਉਂ ਹਾਂ' ਵਿੱਚ ਅਮਰੀਕੀ ਲੇਖਕ ਅਪਟਨ ਸਿੰਕਲੇਅਰ ਦੇ ਹਵਾਲੇ ਨਾਲ ਲਿਖਿਆ ਹੈ ਕਿ ਆਦਮੀ ਨੂੰ ਅਮਰਤਾ ਵਿੱਚ ਵਿਸ਼ਵਾਸ਼ ਦਿਵਾ ਦਿਓ ਅਤੇ ਫਿਰ ਭਾਵੇਂ ਉਸ ਦੀ ਸਾਰੀ ਜਾਇਦਾਦ ਲੁੱਟ ਲਵੋ। ਉਹ ਬਿਨਾਂ ਬੁੜ-ਬੜਾਏ ਇਸ ਕੰਮ ਵਿੱਚ ਤੁਹਾਡੀ ਮਦਦ ਕਰੇਗਾ। ਜੇਲ੍ਹਾਂ, ਫਾਂਸੀ, ਕੋਰੜੇ ਅਤੇ ਇਹ ਸਿਧਾਂਤ ਧਰਮ ਦੇ ਪ੍ਰਚਾਰਕਾਂ ਅਤੇ ਸੱਤਾ ਦੇ ਮਾਲਕਾਂ ਦੇ ਗੱਠਜੋੜ ਵਿਚੋਂ ਹੀ ਪੈਦਾ ਹੁੰਦੇ ਹਨ।

*# ਸੰਪਰਕ : 98550-04500*

